
ਦਿਨ ਚੜ੍ਹਦੇ ਦੱਸ ਆਹ ਕੀ ਹੋਇਆ,ਧਰਤ ਵੈਰਾਗਣ
ਹੋਈ। ਉਹ ਹੱਥ ਸਾਥੋਂ ਦੂਰ ਤੁਰ ਗਿਆ, ਵੰਡਦਾ ਸੀ ਜੋ
ਖ਼ੁਸ਼ਬੋਈ। ਕਿੰਜ ਮੈਂ ਮੂੰਹੋਂ ਕਹਾਂ ਅਲਵਿਦਾ,ਜਦ ਸੋਚਾਂ
ਗਸ਼ ਪੈਂਦੇ, ਸਿਰ ਤੋਂ ਪੈਰਾਂ ਤੀਕ ਮੁਹੱਬਤ, ਵੇਖੀ ਨਾ ਜਾਵੇ
ਮੋਈ। ਗੁਰਭਜਨ ਗਿੱਲ



ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ ਕੇ। ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ! ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ ਸਵਾਰੀ ਹਿੰਮਤੀ ਹੀ ਗੱਜ ਵੱਜ ਕੇ। ਗੁਰਭਜਨ ਗਿੱਲ


ਵੇ ਬੱਚਿਆ, ਨਾ ਕਦੇ ਵਿਸਾਰੀਂ, ਕੁਦਰਤ ਵਰਗੀ ਮਾਂ
ਨਹੀਂ ਲੱਭਣੀ। ਜੰਮੇ ਪਾਲ਼ੇ ਖੇਡ ਖਿਡਾਵੇ, ਤੁਰ ਗਈ ਤਾਂ
ਫਿਰ ਮਾਂ ਨਹੀਂ ਲੱਭਣੀ। ਮਾਂ ਬੋਲੀ ਨੇ ਦੱਸਿਆ ਜੀਣਾ,
ਹੱਸਣਾ, ਗੌਣਾ, ਰੋ ਮੂੰਹ ਧੋਣਾ, ਤਿੰਨਾਂ ਤੋਂ ਜੇ ਟੁੱਟ ਗਿਆ
ਤਾਂ, ਥਲ ਵਿੱਚ ਸੰਘਣੀ ਛਾਂ ਨਹੀਂ ਲੱਭਣੀ।
ਗੁਰਭਜਨ ਗਿੱਲ


ਨਾ ਮੌਸਮ ਨਾ ਤਲਖ਼ ਸਮੁੰਦਰ ਬਦਲ ਸਕਾਂ ਮੈਂ ਤਰਲੇ
ਕਰਕੇ। ਤਰ ਸਕਦਾ ਹਾਂ ਇਸ ਦੀ ਹਿੱਕ ਤੇ, ਬਹਿਣਾ
ਨਹੀਂ ਮੈਂ ਇਸ ਤੋਂ ਡਰ ਕੇ। ਲਹਿਰਾਂ ਤੇ ਤੂਫ਼ਾਨ ਹਮੇਸ਼ਾਂ
ਆਉਂਦੇ ਸਾਡੀ ਹਿੰਮਤ ਪਰਖ਼ਣ, ਹਰ ਮੁਸ਼ਕਿਲ
ਵੰਗਾਰਾਂਗਾ ਮੈਂ, ਇਹ ਵੀ ਸਿਤਮ ਕਰੇ ਜੀ ਭਰ ਕੇ।
ਗੁਰਭਜਨ ਗਿੱਲ


ਉੱਡਿਆ ਫਿਰਦੈਂ ਬੱਦਲਾਂ ਵਾਂਗੂੰ, ਹਿਰਨਾਂ ਦੇ ਸਿੰਗਾਂ ਤੇ
ਚੜ੍ਹ ਕੇ। ਜਦੋਂ ਮੁਸੀਬਤ ਦਰ ਖੜਕਾਵੇ, ਬਹਿ ਜਾਂਦਾ ਏਂ
ਅੰਦਰ ਵੜ ਕੇ। ਢੇਰੀ ਢਾਹ ਨਾ ਬਹਿ ਜਾਇਆ ਕਰ,
ਹਿੰਮਤ ਕਰ ਲੈ ਸ਼ੇਰ ਜਵਾਨਾ, ਜ਼ਿੰਦਗੀ ਤਾਂ ਸੰਗਰਾਮ
ਦਾ ਨਾਂ ਹੈ,ਵੇਖ ਜ਼ਰਾ ਇਤਿਹਾਸ ਨੂੰ ਪੜ੍ਹ ਕੇ।
ਗੁਰਭਜਨ ਗਿੱਲ



ਸਾਂਭਣ ਵਾਲੇ ਸਾਂਭ ਰਹੇ ਨੇ ਅੱਖਰਾਂ ਦਾ ਮੱਥੇ ਵਿੱਚ
ਚਾਨਣ। ਚੂਹੇ ਦੌੜ 'ਚ ਰੁੱਝੇ ਲੋਕੀਂ, ਉਹ ਕੀ ਸਾਰ
ਗਿਆਨ ਦੀ ਜਾਨਣ। ਚੇਤਨ ਹਸਤੀ ਅਸਲੀ ਪੂੰਜੀ
ਸਗਲ ਹਯਾਤੀ ਮੁੱਕਦੀ ਨਹੀਂਉਂ, ਲਾਲਟੈਣ ਲੈ ਅੱਗੇ
ਤੁਰਦੇ, ਜਿਉਂ ਹਾਣੀ ਸੰਗ ਤੁਰਦੀ ਹਾਨਣ।
ਗੁਰਭਜਨ ਗਿੱਲ


ਕੰਕਰੀਟ ਦੇ ਕੈਦੀ ਲੋਕੋ, ਬਾਗ ਬਗੀਚਿਆਂ ਅੰਦਰ
ਆਉ। ਫ਼ਲ ਤੋਂ ਪਹਿਲਾਂ ਫੁੱਲ ਆਉਂਦੇ ਨੇ, ਇਨ੍ਹਾਂ ਦੇ
ਸੰਗ ਨਜ਼ਰ ਮਿਲਾਉ। ਸ਼ਹਿਦ ਦੀਆਂ ਮੱਖੀਆਂ ਦਾ
ਮੇਲਾ ਇਸ ਮੌਸਮ ਵਿੱਚ ਭਰਦਾ ਪੂਰਾ, ਕਿੱਦਾਂ ਚੁੰਮਣ
ਫੁੱਲਾਂ ਦਾ ਮੂੰਹ,ਇਹ ਪਲ ਰੂਹ ਦੇ ਅੰਦਰ ਪਾਉ।
ਗੁਰਭਜਨ ਗਿੱਲ



ਕੱਕਾ ਰੇਤਾ ਪੈਰਾਂ ਥੱਲੇ ਸਿਰ ਤੇ ਨੀਲੀ ਛਤਰੀ ਵਾਲ਼ਾ।
ਦੋਹਾਂ ਦੇ ਵਿਚਕਾਰ ਤੁਰਾਂ ਮੈਂ ਉਸਤਰਿਆਂ ਦੀ ਪਾ ਕੇ
ਮਾਲ਼ਾ । ਚੜ੍ਹਦਾ ਲਹਿੰਦਾ ਸੂਰਜ ਮੈਨੂੰ ਸਬਕ
ਸਿਖਾਵੇ ਕਿਰਨਾਂ ਰਾਹੀਂ, ਹਰ ਪਲ ਜਾਣ ਤੇ ਮਾਣ
ਚੌਗਿਰਦਾ,ਧਰਤੀ ਅੰਬਰ ਆਲ਼ ਦੁਆਲ਼ਾ।

ਗੁਰਭਜਨ ਗਿੱਲ


ਨੰਗੀ ਅੱਖ ਨੂੰ ਜੋ ਕੁਝ ਦਿਸਦਾ,ਇਹ ਤਾਂ ਬਾਤ ਸਰੀਰਾਂ ਦੀ ਹੈ। ਪਿੰਡ, ਜ਼ਿਲ੍ਹਾ,ਸੂਬਾ ਸਣ ਦੇਸਾਂ, ਸਾਰੀ ਖੇਡ ਲਕੀਰਾਂ ਦੀ ਹੈ। ਸੁੱਕੇ ਬਿਰਖ਼ ਉਦਾਸ ਦੇ ਕੰਨ ਵਿੱਚ ਬੱਦਲਾਂ ਆ ਕੇ ਬਹਿ ਸਮਝਾਇਆ, ਧਰਤੀ ਵਾਲਿਆਂ ਨੂੰ ਤੂੰ ਦੇ ਇਹ ਜੋ ਰਮਜ਼ ਫ਼ਕੀਰਾਂ ਦੀ ਹੈ।
ਗੁਰਭਜਨ ਗਿੱਲ


ਫੁੱਲਾਂ ਤੋਂ ਹੀ ਹੱਸਣਾ ਸਿੱਖ ਲੈ, ਪੱਥਰ ਦੀ ਮੂਰਤ ਨੂੰ
ਕਹਿਣਾ। ਜਿਸ ਥਾਂ ਤੈਨੂੰ ਧਰਿਆ ਭਲੀਏ, ਹੱਸਦੇ ਰੋਂਦੇ
ਤੂੰ ਹੀ ਬਹਿਣਾ। ਰੁਤਬੇ ਦਾ ਹੰਕਾਰ ਨਾ ਕਰੀਏ,
ਪਰਛਾਵਾਂ ਹੈ ਦਿਨ ਦਾ ਸੰਗੀ, ਅੱਜ ਦਾ ਵਕਤ
ਖੁੰਝਾਇਆ ਜੇ ਤੂੰ, ਪਛਤਾਵਾ ਨਹੀਂ ਮਗਰੋਂ ਲਹਿਣਾ।
ਗੁਰਭਜਨ ਗਿੱਲ


ਫੁੱਲ ਕਲੀਆਂ ਖ਼ੁਸ਼ਬੋਈਆਂ ਵਾਂਗੂੰ ਕਦੇ ਕਦਾਈਂ ਮਿਲ
ਜਾਇਆ ਕਰ। ਆਪਣਿਆਂ ਤੋਂ ਕਾਹਦਾ ਪਰਦਾ
ਆਪਣਿਆਂ ਤੋਂ ਕਿਸ ਗੱਲ ਦਾ ਡਰ। ਸੱਚੀ ਗੱਲ ਹੈ
ਅੱਜ ਕੱਲ੍ਹ ਤਾਂ ਬਈ ਡਰਦੀ 'ਵਾਜ ਨਾ ਸੰਘੀਉਂ ਨਿਕਲੇ,
ਥੱਕ ਜਾਂਦੇ ਆਂ ਰੋਜ਼ ਦਿਹਾੜੀ ਘਰ ਅੰਦਰ ਬਿਨ ਆਈ
ਮਰ ਮਰ। ਗੁਰਭਜਨ ਗਿੱਲ


ਮਾਣਣ ਤੋਂ ਦੱਸ ਕਿਹੜਾ ਰੋਕੇ ਜੇ ਇਨ੍ਹਾਂ ਦਾ ਨਾਂ ਨਹੀਂ
ਆਉਂਦਾ। ਪੱਤਾ ਪੱਤਾ ਸੁਹਜ ਸਲੀਕਾ ਸਹਿਜ ਨਾਲ ਸਭ
ਕੁਝ ਸਮਝਾਉਂਦਾ। ਵੱਖਰੀ ਗੱਲ ਹੈ ਸਾਡੇ ਅੰਦਰ ਭਟਕਣ
ਦਾ ਦਿਨ ਰੈਣ ਬਸੇਰਾ, ਏਸੇ ਨੂੰ ਹੀ ਕੱਢਣ ਦੇ ਲਈ
ਬਲਿਹਾਰੀ ਫੁੱਲ ਬਣ ਕੇ ਆਉਂਦਾ। ਗੁਰਭਜਨ ਗਿੱਲ


ਤੇਰਾ ਹੱਸਣਾ ਬਹਾਰ ਦੇਂਦਾ ਹੈ। ਚੁੱਪ ਰਹਿਣਾ ਤਾਂ ਮਾਰ
ਦੇਂਦਾ ਹੈ। ਬਿਰਖ਼ ਨਵੀਆਂ ਕਰੂੰਬਲਾਂ ਖ਼ਾਤਰ, ਜ਼ਰਦ ਪੱਤੇ
ਉਤਾਰ ਦੇਂਦਾ ਹੈ। ਤੀਰ ਸੀਨੇ ਮੇਰੇ ਨੂੰ ਚੁੰਮਦੇ ਨੇ, ਵੈਰੀ
ਕਿੰਨਾ ਪਿਆਰ ਦੇਂਦਾ ਹੈ। ਨਕਦ ਸੌਦਾ ਹੈ ਤੇਗ ਤੇ
ਤੁਰਨਾ, ਵਕਤ ਕਿਸ ਨੂੰ ਉਧਾਰ ਦੇਂਦਾ ਹੈ। ਗੁਰਭਜਨ
ਗਿੱਲ


ਆ ਜਾ ਤੈਨੂੰ ਬਾਤ ਸੁਣਾਵਾਂ ਸੁਣ ਨੀ ਕੋਮਲ ਕਲੀਏ। ਰੂਹ ਤੇ ਜਿਸਮ ਸੰਭਾਲ ਕੇ ਰੱਖੀਂ, ਫਿਰਦੇ ਏਥੇ ਛਲੀਏ। ਤੂੰ ਧਰਤੀ ਦੀ ਜਾਈ, ਅਣਖ਼ ਖ਼ੁਰਾਕ ਤੇਰੀ ਦਾ ਹਿੱਸਾ, ਤੂੰ ਸ਼ਕਤੀ ਤੇ ਅਣਮੁੱਕ ਜਵਾਲਾ, ਆ ਜਾ ਲਟ ਲਟ ਬਲ਼ੀਏ। ਗੁਰਭਜਨ ਗਿੱਲ






ਲੱਤਾਂ ਤੇਰੀਆਂ ਨੇ ਚੁੱਕਣੈਂ ਅਖ਼ੀਰ ਤੇਰਾ ਭਾਰ । ਤੇਰਾ
ਕੋਈ ਨਹੀਉਂ ਬੇਲੀ, ਤੇਰਾ ਕੋਈ ਨਹੀਉਂ ਯਾਰ । ਬਿਨਾਂ
ਗੋਡੀਆਂ ਤੋਂ ਡੋਡੀਆਂ ਨਾ ਫੁੱਲ ਪੱਤੀਆਂ, ਏਦਾਂ ਬੈਠੇ ਬੈਠੇ
ਆਉਣੀ ਨਹੀਓਂ ਵਿਹੜੇ 'ਚ ਬਹਾਰ। ਗੁਰਭਜਨ ਗਿੱਲ



ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ ਮੇਰੇ ਮਿੱਤਰਾ ਓ,
ਜ਼ਿੰਦਗੀ ਨਾ ਰੰਗਾਂ ਦੀ ਗ਼ੁਲਾਮ । ਕਿਸੇ ਨੂੰ ਸਵੇਰ
ਪਹਿਰ ਨੇਰ੍ਹ ਚੰਗਾ ਲੱਗਦਾ ਏ, ਕਿਸੇ ਨੂੰ ਸੰਧੂਰੀ ਹੋਈ
ਸ਼ਾਮ । ਕੱਚਿਆਂ ਬਨੇਰਿਆਂ ਨੂੰ ਪੋਚ ਪੋਚ ਰੱਖਦੇ ਹਾਂ,
ਜਿਥੇ ਬਹਿੰਦੇ ਘੁੱਗੀਆਂ ਤੇ ਮੋਰ, ਪੱਕਿਆਂ ਮਕਾਨਾਂ
ਵਾਲੇ ਕੱਚ ਟੋਟੇ ਗੱਡਦੇ ਨੇ, ਪੰਛੀ ਨਾ ਕਰਨ ਆਰਾਮ।

ਗੁਰਭਜਨ ਗਿੱਲ


ਮਨ ਦੇ ਅੰਦਰ ਖ਼ਲਬਲੀ ਹੈ, ਬੋਲਦਾ ਕੋਈ ਨਹੀਂ । ਸਭ
ਗੁਆਚੇ ਫਿਰ ਰਹੇ ਨੇ, ਟੋਲਦਾ ਕੋਈ ਨਹੀਂ । ਕਾਫ਼ਲੇ ਦੇ
ਲੋਕ ਸਾਰੇ, ਦੂਰ ਮੈਥੋਂ ਦੂਰ ਨੇ, ਹੈ ਅਜਬ ਬੇਗਾਨਗੀ ਰੂਹ
ਕੋਲ ਦਾ ਕੋਈ ਨਹੀਂ। ਗੁਰਭਜਨ ਗਿੱਲ




ਹਿੰਮਤ ਕਰੋ, ਜੀਵਨ ਨਿਭੇ ਕਿਰਦਾਰ ਵਾਂਗਰਾਂ । ਬੈਠੋ
ਨਾ ਢਾਹ ਕੇ ਢੇਰੀਆਂ, ਮੁਰਦਾਰ ਵਾਂਗਰਾਂ । ਹੌਕੇ ਤੇ
ਪੀੜਾਂ ਮਨ ਦੀਆਂ, ਹੰਝੂ ਵੀ ਨੇਤਰੀਂ, ਫਿਰਦੇ ਨੇ ਭੇਸ
ਬਦਲ ਕੇ, ਦਿਲਦਾਰ ਵਾਂਗਰਾਂ। ਗੁਰਭਜਨ ਗਿੱਲ


ਦਰਦ ਸੁੱਤਾ ਜਦ ਕਦੇ ਵੀ ਜਾਗਦਾ ਹੈ । ਚੁੱਪ ਰਹਿ ਕੇ
ਵੀ ਬੜਾ ਕੁਝ ਆਖਦਾ ਹੈ । ਧਰਤੀਆਂ ਆਕਾਸ਼
ਸਾਗਰ ਬੋਲ ਰਹੇ ਨੇ, ਫੇਰ ਵੀ ਹਾਲੇ ਬੜਾ ਕੁਝ ਅਣ-
ਕਿਹਾ ਹੈ। ਗੁਰਭਜਨ ਗਿੱਲ


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ
ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ
ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ,
ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ
ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ।
ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ।
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ।
ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ


ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ
ਕੇ। ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ
ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ!
ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ
ਸਵਾਰੀ ਹਿੰਮਤੀ ਹੀ ਗੱਜ ਵੱਜ ਕੇ। ਗੁਰਭਜਨ ਗਿੱਲ


ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ।
ਤੂੰ ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ,
ਮਹਿਕਾਂ ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ।
ਗੁਰਭਜਨ ਗਿੱਲ


ਕਾਗ਼ਜ਼ਾਂ ਦੀ ਬੇੜੀ ਵਿੱਚ ਖ਼੍ਵਾਬ ਨੇ ਸਵਾਰੀਆਂ। ਸ਼ਬਦਾਂ
ਤੋਂ ਲਈ ਜਾਣ ਆਪੇ ਜ਼ਿੰਮੇਵਾਰੀਆਂ। ਤੁਰਨਾ ਜਾਂ ਬੈਠੇ
ਰਹਿਣਾ, ਤੂੰ ਵੀ ਕਰ ਫ਼ੈਸਲਾ, ਭੁੱਲੀਂ ਨਾ, ਗਿਆਨ ਬਿਨਾ
ਡਾਢੀਆਂ ਖ਼ੁਆਰੀਆਂ। ਗੁਰਭਜਨ ਗਿੱਲ



ਜ਼ਿੰਦਗੀ ! ਤੇਰੇ ਤੋਂ ਵੱਡਾ, ਹੋਰ ਕਿਹੜਾ ਇਮਤਿਹਾਨ।
ਪਰ ਤੇਰਾ ਧੰਨਵਾਦ! ਰਹਿੰਦੀ ਹੈਂ ਸਦਾ ਤੂੰ ਮਿਹਰਬਾਨ।
ਤੂੰ ਸਿਖਾਇਆ! ਇਹ ਨਾ ਸੋਚੀਂ, ਕੌਣ ਕਿੱਧਰ ਜਾ
ਰਿਹਾ, ਹਰ ਕਿਸੇ ਦੀ ਧਰਤ ਵੱਖਰੀ, ਅੱਡੋ ਅੱਡ ਹੈ
ਆਸਮਾਨ। ਗੁਰਭਜਨ ਗਿੱਲ


ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ
ਦਿਆ ਕਰ। ਸ਼ਬਦ ਮਾਸੂਮ ਪਰਿੰਦੇ ਹੁੰਦੇ ,ਮੂੰਹ
ਆਇਆਂ ਨੂੰ ਬੋਲ ਦਿਆ ਕਰ। ਰੂਹ ਦੇ ਸੁੱਚੇ ਮਾਣਕ
ਮੋਤੀ, ਜ਼ੀਨਤ ਬਣਦੇ ਕਿਸੇ ਕਿਸੇ ਦੀ, ਚਹੁੰ ਕੌਡਾਂ ਲਈ
ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ।
ਗੁਰਭਜਨ ਗਿੱਲ


ਆਹ ਫੜ ਸੂਰਜ ਮੱਥੇ ਜੜ ਲੈ ਅੰਬਰ ਵਿਚਲੇ ਚੰਨ
ਸਿਤਾਰੇ। ਨੂਰੋ ਨੂਰ ਚੁਫ਼ੇਰਾ ਕਰ ਦੇ, ਧਰਤੀ ਮਾਂ ਦੇ ਰਾਜ
ਦੁਲਾਰੇ। ਗਿਠਮੁਠੀਆਂ ਨੇ ਧਰਮ ਕਰਮ ਨੂੰ ਆਪਣੇ
ਜੇਡ ਬਣਾ ਹੈ ਧਰਿਆ, ਜੀਵਨ ਸੇਧ, ਸਮਰਪਣ
ਗੁੰਮਿਆ, ਲੁਕਦੇ ਫਿਰਦੇ ਸ਼ਬਦ ਵਿਚਾਰੇ।
ਗੁਰਭਜਨ ਗਿੱਲ


ਹੁਣੇ ਹੁਣੇ ਬੱਸ ਚੇਤੇ ਕੀਤਾ, ਓਸੇ ਪਲ ਆਹ ਸੂਰਜ
ਚੜ੍ਹਿਆ। ਕਿਰਨਾਂ ਚਾਰ ਚੁਫ਼ੇਰੇ ਝੁਰਮਟ, ਤੂੰ ਇਹ
ਕਿਹੜਾ ਮੰਤਰ ਪੜ੍ਹਿਆ। ਦਿਨ ਤੇ ਰਾਤ ਮਿਲਾ ਕੇ ਚੌਵੀ,
ਘੰਟੇ ਹੁੰਦੇ ਰੋਜ਼ ਦਿਹਾੜੀ, ਮੇਰੇ ਸਾਹਾਂ ਅੰਦਰ ਧੜਕੇਂ,
ਲਾਵੇਂ ਅੱਖ ਘੜੀ ਨਾ ਅੜਿਆ। ਗੁਰਭਜਨ ਗਿੱਲ


ਟੁੱਟਿਆ ਸੌ ਵਾਰ ਫਿਰ ਵੀ ਟਾਹਣੀਆਂ 'ਤੇ ਜੁੜ
ਗਿਆ। ਜ਼ਰਦ ਪੱਤਾ ਕਿਰ ਗਿਆ ਫ਼ਿਰ ਸਬਜ਼ ਪੱਤਾ
ਪੁੰਗਰਿਆ। ਧਰਤ ਅੰਦਰ ਉਗਮਦਾ ਤੇ ਬਿਣਸਦਾ,
ਵੇਖੋ ਕਮਾਲ, ਤੁਰ ਰਿਹਾ ਹੈ ਜ਼ਿੰਦਗੀ, ਤੇਰਾ ਨਿਰੰਤਰ
ਕਾਫ਼ਲਾ। ਗੁਰਭਜਨ ਗਿੱਲ


ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ
ਦਿਆ ਕਰ। ਸ਼ਬਦ ਮਾਸੂਮ ਪਰਿੰਦੇ ਹੁੰਦੇ ,ਮੂੰਹ
ਆਇਆਂ ਨੂੰ ਬੋਲ ਦਿਆ ਕਰ। ਰੂਹ ਦੇ ਸੁੱਚੇ ਮਾਣਕ
ਮੋਤੀ, ਜ਼ੀਨਤ ਬਣਦੇ ਕਿਸੇ ਕਿਸੇ ਦੀ, ਚਹੁੰ ਕੌਡਾਂ ਲਈ
ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ।
ਗੁਰਭਜਨ ਗਿੱਲ


ਧਰਤੀ ਪੁੱਛੇ, ਦੱਸਿਉ ਪੁੱਤਰੋ, ਕਿੱਧਰ ਗਈਆਂ ਸਿਰ ਤੋਂ
ਛਾਵਾਂ। ਮੈਂ ਤੇ ਬੋਲੀ ਮਾਤ ਤੁਹਾਡੀ, ਤੀਜੀਆਂ ਰੋਣ
ਨਿਕਰਮਣ ਮਾਵਾਂ। ਆਰੀਆਂ ਵਾਲੇ ਚੀਰ ਰਹੇ ਨੇ,
ਰਿਸ਼ਤੇ ਨਾਤੇ ਦਿਨ ਤੇ ਰਾਤਾਂ, ਉਹ ਦਿਨ ਬਹੁਤਾ ਦੂਰ
ਨਹੀਂ ਜਦ, ਬੰਜਰ ਹੋਣਗੀਆਂ ਸਭ ਥਾਵਾਂ।...


ਮੈਂ ਫੁੱਲਾਂ ਨੂੰ ਜਦ ਵੀ ਮਿਲਦਾਂ, ਤੇਰੇ ਨਕਸ਼ ਨਿਹਾਰਦਾ
ਰਹਿੰਦਾਂ। ‘ਵਾਜ਼ ਨਾ ਭਾਵੇਂ ਸੰਘੋਂ ਨਿਕਲੇ, ਪਰ ਮੈਂ
ਟਾਹਰਾਂ ਮਾਰਦਾ ਰਹਿੰਦਾਂ। ਤੇਰੇ ਤੀਕ ਪੁਕਾਰ ਨਾ
ਪਹੁੰਚੇ, ਫਿਰ ਕੀ ਹੋਇਆ ਚੱਲ ਉਹ ਜਾਣੇਂ, ਮੈਂ ਤਾਂ
ਆਪਣੇ ਸਿਰ ਤੋਂ ਕਰਜ਼ਾ ਜੋ ਪੁੱਗਦਾ ਹੈ ਤਾਰਦਾ
ਰਹਿੰਦਾਂ। ਗੁਰਭਜਨ ਗਿੱਲ


ਮੇਰੇ ਪੁਰਖਿਆਂ ਇਹ ਸਮਝਾਇਐ, ਕਿਸ ਮੁਸ਼ਕਿਲ ਦਾ
ਹੱਲ ਨਹੀਂ ਹੁੰਦਾ? ਅੱਜ ਤੀਕਰ ਉਹ ਦਿਨ ਨਹੀਂ
ਆਇਆ ਜਿਸ ਦੇ ਅੱਗੇ ਕੱਲ੍ਹ ਨਹੀਂ ਹੁੰਦਾ। ਚੜ੍ਹਿਆ
ਸੂਰਜ ਜੇ ਨਾ ਦਿਸਦਾ, ਨਜ਼ਰ ਨਜ਼ਰੀਆ ਦੋਵੇਂ ਟੀਰੇ,
ਲੰਗੜੀ ਸੋਚੋਂ ਸੱਚ ਦੇ ਵੱਲ ਨੂੰ, ਏਸੇ ਕਰਕੇ ਚੱਲ ਨਹੀਂ
ਹੁੰਦਾ। ਗੁਰਭਜਨ ਗਿੱਲ


ਜਿਹੜੇ ਘਰ ਧੀ ਜਨਮ ਮੁਬਾਰਕ, ਉਸ ਘਰ ਰਹਿਮਤ
ਤਾਂ ਹੁੰਦੀ ਹੈ। ਸੁਪਨੇ ਜਿੱਡਾ ਬਾਬਲ ਅੰਬਰ, ਸਬਰ
ਸਿਦਕਣੀ ਮਾਂ ਹੁੰਦੀ ਹੈ। ਪੁਰਖ਼ਿਆਂ ਦੇ ਵਿਰਸੇ ਵਿੱਚ
ਮਿਹਨਤ, ਮੇਰੀਏ ਧੀਏ ਗੁੰਨ੍ਹਦੀ ਰਹਿਣਾ, ਤੋਰ
ਨਿਰੰਤਰ, ਚੇਤਨ ਮੱਥੇ ਉੱਪਰ ਰੱਬ ਦੀ ਛਾਂ ਹੁੰਦੀ ਹੈ।
ਗੁਰਭਜਨ ਗਿੱਲ


ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੁਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ


ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ।
ਬੈਠੇ ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ।
ਕਿਹੜਾ ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ,
ਬਹੁਤੀ ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।
ਗੁਰਭਜਨ ਗਿੱਲ


ਸੂਰਜ ਦੀ ਲਿਸ਼ਕੋਰ ਜਹੇ ਸੀ, ਨਹੀਂ ਭੁੱਲਦੇ ਉਹ ਸੱਜਣ
ਪਿਆਰੇ। ਇੱਕ ਪਲ ਦੇ ਝਲਕਾਰੇ ਬਦਲੇ, ਦੇ ਗਏ ਲੱਖਾਂ
ਦਰਦ ਉਧਾਰੇ। ਲੌਂਗ ਲਾਚੀਆਂ ਵਰਗੀ ਖ਼ੁਸ਼ਬੂ,ਜੋ ਦੇ
ਗਏ ਉਹ ਮਹਿਕ ਰਹੀ ਹੈ, ਰਾਤ ਪਈ ਤੇ ਸਗਲ
ਸਨੇਹੀ ,ਅੰਬਰ ਦੇ ਵਿੱਚ ਬਣ ਗਏ ਤਾਰੇ।
ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ
ਏਨੀ ਗੱਲ ਸਮਝੋ ਚੰਨੋ। ਗੁਰਭਜਨ ਗਿੱਲ
GOOD MORNING



ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ
ਜਾਂਦੀ ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ
ਲਾ ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ
ਤੇਰਾ ਚੇਤਾ ਆਵੇ, ਤੂੰ ਭਾਵੇਂ ਮੁੜ ਫੇਰ ਨਾ ਮਿਲਿਓਂ ਯਾਦ
ਤੇਰੀ ਤਾਂ ਆ ਜਾਂਦੀ  ਹੈ। ਗੁਰਭਜਨ ਗਿੱਲ


ੴ
ਸਾਲ ਦੇ ਤਿੰਨ ਸੌ ਪੈਂਠ ਦਿਨਾਂ ਚੋਂ ਚਿੜੀਆਂ ਲਈ ਦਿਨ
ਰਾਖਵਾਂ ਰੱਖਣਾ। ਇਹ ਫੋਕੀ ਹਮਦਰਦੀ ਤੋਂ ਵੱਧ ,ਹੋਰ
ਨਹੀਂ ਕੁਝ ਵੀ ਚੰਨ ਮੱਖਣਾ। ਧਰਤੀ ,ਪਾਣੀ ,ਬਿਰਖ
ਬੂਟੇ, ਹਾਉਕੇ ਭਰ ਭਰ ਤੜਪ ਰਹੇ ਨੇ, ਜੇ ਨਾ ਰਲ ਇਹ
ਪੂੰਜੀ ਸਾਂਭੀ,ਹੋ ਜਾਵੇਗਾ ਦਰ ਘਰ ਸੱਖਣਾ।
ਗੁਰਭਜਨ ਗਿੱਲ



ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ
ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ
ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ
ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ,
ਮਹਿਕਦੀਆਂ ਪਗ-ਡੰਡੀਆਂ। ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ
ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ
ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ


ਤੁਰਾਂ ਬਰਾਬਰ ਸਹਿਜ ਮਤੇ ਵਿੱਚ, ਤਾਂਹੀਓਂ ਜ਼ਰਾ
ਮਲਾਲ ਨਹੀਂ। ਕਿਹੜਾ ਅੱਗੇ ਕਿਹੜਾ ਪਿੱਛੇ ਮਨ ਚਿੱਤ
ਵਿੱਚ ਸਵਾਲ ਨਹੀਂ। ਵਕਤ ਬਰਾਬਰ ਤੁਰਦਾ ਮੇਰੇ, ਕਣ
ਕਣ ਸੰਦਲੀ ਮਹਿਕ ਜਿਹਾ, ਏਹੀ ਏਦਾਂ ਨਿਭ ਜਾਵੇ ਜੇ,
ਰੱਬ ਦੀ ਮੈਨੂੰ ਭਾਲ ਨਹੀਂ। ਗੁਰਭਜਨ ਗਿੱਲ



ਐਵੇਂ ਗੁੰਮ ਸੁੰਮ, ਗੁੰਮ ਸੁੰਮ, ਚੁੱਪ ਚਾਪ ਰਹਿਣਾ ।
ਏਦਾਂ ਗ਼ਮਾਂ ਦਾ ਪਹਾੜ, ਤੇਰੇ ਮਨ ਤੋਂ ਨਹੀਂ ਲਹਿਣਾ ।
ਕਦੇ ਦੂਸਰੇ ਦੀ ਸੁਣੀਂ, ਕਦੇ ਆਪਣੀ ਸੁਣਾਈਂ,
ਤੇਰੀ ਵੇਦਨਾ ਨੂੰ ਤੇਰੇ ਤੋਂ ਬਗੈਰ, ਹੋਰ ਕਿਸ ਕਹਿਣਾ ।
ਗੁਰਭਜਨ ਗਿੱਲ


ਮਨ ਦਾ ਮੋਰ ਉਦਾਸ ਖੜ੍ਹਾ ਹੈ, ਉੱਖੜੇ ਸੁਰ ਤੇ ਸਾਜ਼
ਵਜੱਈਆ। ਤਪਦੀ ਲੂਅ ਤਨ ਮਨੂਆ ਸਾੜੇ,ਇੱਕੋ ਜਹੀ
ਪੱਛੋਂ ਪੁਰਵੱਈਆ। ਧਰਤੀ ਮਾਂ ,ਰੰਗਲੀ ਫੁਲਕਾਰੀ ਇੱਕੋ
ਰੰਗ ਵਿੱਚ ਡੁੱਬ ਚੱਲੀ ਹੈ, ਚੁਸਤ ਵਪਾਰੀ ਬਣੇ
ਲਲਾਰੀ,ਬਣਿਆ ਸਭ ਦਾ ਬਾਪ ਰੁਪਈਆ।
ਗੁਰਭਜਨ ਗਿੱਲ


ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ



ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ
ਦਾ ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ
ਬੋਲਣ ਦਾ ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ
ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ,
ਜੇ ਚਾਹੁੰਦੇ ਹੋ ਜਨਮ ਸੁਹੇਲਾ। ਗੁਰਭਜਨ ਗਿੱਲ



ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ
ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ
ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ,
ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ
ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ।
ਗੁਰਭਜਨ ਗਿੱਲ


ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ
ਮੇਲਾ। ਫੂੱਲਾਂ ਨਾਲ ਗੁਫ਼ਤਗੂ ਕਰਕੇ, ਹੋ ਜਾਂਦਾ ਏ ਜਨਮ
ਸੁਹੇਲਾ। ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ
ਹਵਾ ਜ਼ਰੂਰੀ ਇਸਨੂੰ, ਅੱਜ ਨੂੰ ਅੱਜ ਹੀ ਮਾਣ ਲਿਆ
ਕਰ,ਕੱਲ੍ਹ ਦਾ ਤਾਂ ਹੈ ਨਾਮ ਕੁਵੇਲਾ। ਗੁਰਭਜਨ ਗਿੱਲ


ਫੁੱਲਾਂ ਵਿੱਚ ਖ਼ੁਸ਼ਬੋ ਵੀ ਤੂੰ ਹੈਂ, ਮੈਂ ਤੈਨੂੰ ਪਹਿਚਾਣ ਲਿਆ
ਹੈ। ਤੇਰਾ ਇਹ ਅੰਦਾਜ਼ ਪਿਆਰਾ, ਪਹਿਲਾਂ ਨਹੀਂ, ਹੁਣ
ਜਾਣ ਲਿਆ ਹੈ। ਇਹ ਸਾਹਾਂ ਵਿਚਕਾਰ ਦਾ ਰਿਸ਼ਤਾ
ਵਿਰਲੇ ਜੀਅ ਨੂੰ ਮਿਲਦਾ ਏਥੇ, ਤੂੰ ਤੇ ਅੱਜ ਤੱਕ
ਦੱਸਿਆ ਨਹੀਂ ਸੀ, ਵੇਖ ਮੈਂ ਕਿੱਦਾਂ ਮਾਣ ਲਿਆ ਹੈ।
ਗੁਰਭਜਨ ਗਿੱਲ
Good


ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਵੇਖੋ ਜੇਕਰ ਖੋਲ੍ਹ ਕੇ
ਅੱਖੀਆਂ। ਮਹਿਲਾਂ ਨਾਲ ਗੁਆਂਢੀ ਝੁੱਗੀਆਂ,ਝੱਲਣ
ਜੋ ਦਿਨ ਰਾਤੀਂ ਪੱਖੀਆਂ। ਲੱਭਦੀਆਂ ਗੰਦਗੀ ਨੂੰ
ਮੱਖੀਆਂ,ਤਿਤਲੀ ਭੰਵਰੇ ਫੁੱਲ ਨੂੰ ਚੁੰਮਦੇ, ਇਹ ਸਾਡੇ ਤੇ
ਨਿਰਭਰ ਮਿੱਤਰੋ, ਨਜ਼ਰਾਂ ਕਿਹੜੀ ਥਾਂ ਤੇ ਰੱਖੀਆਂ।
ਗੁਰਭਜਨ ਗਿੱਲ


ਸਿਰ ਤੇ ਛਤਰੀ ਤਾਂ ਹੀ ਜਚਦੀ,ਪੈਰਾਂ ਹੇਠ ਜ਼ਮੀਨ ਜੇ
ਹੋਵੇ। ਚਿਹਰਾ ਜਦੋਂ ਗੁਆਚ ਗਿਆ ਤਾਂ ਕਿਹੜਾ
ਪੂੰਝੇ,ਕਿਹੜਾ ਧੋਵੇ। ਹੋਵੇ ਨਾ ਜੇ ਪੁੱਛਣ ਵਾਲਾ, ਡੁਸਕੇ,
ਕਿਸਨੂੰ ਆਖ ਸੁਣਾਵੇ, ਦਿਲ ਦੀ ਹਾਲਤ ਕੀ ਦੱਸਾਂ ਮੈਂ,
ਅੰਦਰ ਅੱਥਰੂ ਸੁੱਟ ਕੇ ਰੋਵੇ। ਗੁਰਭਜਨ ਗਿੱਲ


ਕਿੰਨਾ ਸੋਹਣਾ ਖ਼ਤ ਲਿਖਿਆ ਤੂੰ, ਸ਼ਬਦਾਂ ਦੀ ਥਾਂ ਵੇਲ ਤੇ
ਪੱਤੀਆਂ। ਰੁਮਕਦੀਆਂ ਪੌਣਾਂ ਘਰ ਆਈਆਂ,ਤੇਰੇ
ਵਾਂਗੂੰ ਹੀ ਮਦਮੱਤੀਆਂ। ਤੇਰੇ ਇਸ ਅੰਦਾਜ਼ ਤੋਂ ਸਦਕੇ,
ਮੈਂ ਜਾਵਾਂ ਬਲਿਹਾਰੇ ਤੈਥੋਂ, ਬਿਨ ਮਿਲਿਆਂ ਦੋਹਾਂ ਨੇ ਰਲ਼
ਕੇ, ਕਿਰਨਾਂ 'ਕੱਠੀਆਂ ਕਰ ਕੇ ਕੱਤੀਆਂ।
ਗੁਰਭਜਨ ਗਿੱਲ


ਤੂੰ ਪੁੱਛਿਐ ਰਸ ਰੰਗੀਆ ਸੂਰਜ ਖੇਤਾਂ ਦੇ ਵਿੱਚ ਕੀ
ਕਰਦਾ ਹੈ। ਚਾਨਣ ਦੀ ਪਿਚਕਾਰੀ ਲੈ ਕੇ ਕਣ ਕਣ
ਜਲਵਾਗਰ ਕਰਦਾ ਹੈ। ਖਿੜਨ ਕਪਾਹਾਂ ਨਰਮੇ ਫੁੱਟੀਆਂ
ਛੱਲੀਆਂ ਕੱਤਣ ਆਸ ਉਮੀਦਾਂ, ਪੱਤਿਆਂ ਵਿੱਚ ਦੀ
ਬਿਨ ਦੱਸਿਆਂ ਤੋਂ ਗੰਨਿਆਂ ਵਿੱਚ ਇਹ ਰਸ ਭਰਦਾ ਹੈ।
ਗੁਰਭਜਨ ਗਿੱਲ

8:31

You
12/07/25, 8:30 AM




Reply



ਸਿਦਕ -ਸਦੀਵੀ ਜਿੱਤ ਦਾ ਪਰਚਮ ਸਿਖ਼ਰ ਚੋਟੀਆਂ ਸਰ ਕਰਦਾ ਹੈ। ਦੋਚਿੱਤੀ ਦਾ ਡੰਗਿਆ ਮਨ ਤਾਂ, ਪਲ ਪਲ ਕਰਕੇ ਨਿੱਤ ਮਰਦਾ ਹੈ। ਕਰਕੇ ਜੇਕਰ ਤਾਣ ਇਕੱਠਾ, ਤਨ ਮਨ ਨਿਸ਼ਚਾ ਧਾਰ ਲਵੋ ਤਾਂ, ਵੇਖ ਲਇਓ ਫਿਰ ਰੂਹ ਦਾ ਪੰਛੀ, ਅਗਨ ਸਮੁੰਦਰ ਕਿੰਜ ਤਰਦਾ ਹੈ। ਗੁਰਭਜਨ ਗਿੱਲ



ਜੋ ਕੁਝ ਵਕਤ ਹਵਾ ਵਿੱਚ ਲਿਖਿਆ, ਉਸਨੂੰ ਪੜ੍ਹਨਾ ਸਿੱਖ ਲਿਆ ਹੈ। ਰਾਤ ਦੇ ਕੇਸੀਂ ਚੰਨ ਸਿਤਾਰੇ,ਕਿੱਦਾਂ ਜੜਨੇ, ਸਿੱਖ ਲਿਆ ਹੈ। ਆਖ ਦਿਉ ਝੱਖੜ ਨੂੰ ਸਾਡਾ ਹੋਰ ਵਧੇਰੇ ਸਿਦਕ ਨਾ ਪਰਖੇ, ਅਸੀਂ ਵੀ ਇਸ ਦੇ ਜਬਰ ਦੇ ਅੱਗੇ, ਕਿੱਦਾਂ ਅੜਨਾ, ਸਿੱਖ ਲਿਆ ਹੈ।

ਗੁਰਭਜਨ ਗਿੱਲ



ਸਿਦਕ -ਸਦੀਵੀ ਜਿੱਤ ਦਾ ਪਰਚਮ  ਸਿਖ਼ਰ ਚੋਟੀਆਂ
ਸਰ ਕਰਦਾ ਹੈ।  ਦੋਚਿੱਤੀ ਦਾ ਡੰਗਿਆ ਮਨ ਤਾਂ, ਪਲ
ਪਲ ਕਰਕੇ ਨਿੱਤ ਮਰਦਾ ਹੈ।  ਕਰਕੇ ਜੇਕਰ ਤਾਣ
ਇਕੱਠਾ, ਤਨ ਮਨ ਨਿਸ਼ਚਾ ਧਾਰ ਲਵੋ ਤਾਂ,  ਵੇਖ
ਲਇਓ ਫਿਰ ਰੂਹ ਦਾ ਪੰਛੀ, ਅਗਨ ਸਮੁੰਦਰ ਕਿੰਜ
ਤਰਦਾ ਹੈ। ਗੁਰਭਜਨ ਗਿੱਲ



ਸਦੀਆਂ ਤੋਂ ਹੀ ਵੇਖ ਰਹੇ ਹਾਂ ਬਦਨੀਤਾਂ ਦਾ ਮੂੰਹ ਸਿਰ
ਕਾਲ਼ਾ। ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ, ਓਹਲੇ
ਵਿੱਚ ਹੀ ਘਾਲ਼ਾ ਮਾਲ਼ਾ। ਥੈਲੀਸ਼ਾਹ ਦੀ ਕਰਨ
ਦਲਾਲੀ, ਮੀਸਣੀਆਂ ਮੁਸਕਾਨਾਂ ਵਾਲੇ, ਮਣਕਾ ਮਣਕਾ
ਕਰ ਸੁੱਟਦੇ ਨੇ,ਮੁਸ਼ਕਲ ਨਾਲ ਪਰੋਈ ਮਾਲ਼ਾ।
ਗੁਰਭਜਨ ਗਿੱਲ


ਅੱਖਾਂ ਖੋਲ੍ਹ ਤੂੰ ਵੇਖ ਪਿਆਰੇ ਲੱਗਿਆ ਹੈ ਰੰਗਾਂ ਦਾ
ਮੇਲਾ। ਫੁੱਲਾਂ ਨਾਲ ਗੁਫ਼ਤਗੂ ਕਰਕੇ, ਹੋ ਜਾਂਦਾ ਏ ਜਨਮ
ਸੁਹੇਲਾ। ਦਿਲ ਦੀ ਖਿੜਕੀ ਖੋਲ੍ਹ ਸੋਹਣਿਆਂ, ਸੱਜਰੀ
ਹਵਾ ਜ਼ਰੂਰੀ ਇਸਨੂੰ, ਅੱਜ ਨੂੰ ਅੱਜ ਹੀ ਮਾਣ ਲਿਆ
ਕਰ,ਕੱਲ੍ਹ ਦਾ ਤਾਂ ਹੈ ਨਾਮ ਕੁਵੇਲਾ। ਗੁਰਭਜਨ ਗਿੱਲ



ਬੰਦਾ ਹੈ ਬੰਦੇ ਦਾ ਦਾਰੂ ਬੁਰੇ ਵਕਤ ਸਮਝਾਇਆ। ਸੁਖ
ਵੇਲੇ ਤਾਂ ਪੜ੍ਹ ਨਾ ਸਕਿਆ ਗੁੰਝਲਦਾਰੀ ਮਾਇਆ।
ਕੁਰਸੀ, ਪਦਵੀ, ਮਾਣ ਮਰਤਬਾ,ਖੰਭ ਉਡਾਵਣ ਉੱਚਾ,
ਆਪਣੀ ਹਸਤੀ ਓਦੋਂ ਜਾਣੀ, ਜਦ ਧਰਤੀ ਤੇ
ਆਇਆ। ਗੁਰਭਜਨ ਗਿੱਲ


ਇਹ ਸਤਰੰਗੀ ਪੀਂਘ ਦੋਸਤੋ, ਬਿਲਕੁਲ ਮਨ ਦੀ ਲਹਿਰ
ਜਹੀ ਹੈ। ਮਾਣ ਲਵੋ ਤਾਂ ਆਪਣੇ ਅੰਦਰ , ਖਿੜਦੀ
ਸਿਖ਼ਰ ਦੁਪਹਿਰ ਜਹੀ ਹੈ। ਮਨ ਦੇ ਰੌਂਅ ਤੇ ਇਹ ਹੈ
ਨਿਰਭਰ , ਬੂਹੇ ਬੰਦ ਜਾਂ ਖੋਲ੍ਹ ਕੇ ਰੱਖਣੇ, ਦੇਖਦਿਆਂ ਵੀ
ਅਣਡਿੱਠ ਕਰਨਾ, ਇਹ ਬਿਰਤੀ ਤਾਂ ਸ਼ਹਿਰ ਜਹੀ ਹੈ।
ਗੁਰਭਜਨ ਗਿੱਲ


ਚੜ੍ਹਦਾ ਸੂਰਜ ਵੇਖ ਲਿਆ ਮੈਂ, ਇਓਂ ਲੱਗਿਆ ਤੂੰ ਕੋਲ
ਹੈਂ ਮੇਰੇ। ਏਸ ਤਰ੍ਹਾਂ ਹੀ ਮਿਲ ਜਾਇਆ ਕਰ, ਚੀਰ ਚੂਰ
ਕੇ ਘੋਰ ਹਨ੍ਹੇਰੇ। ਮਨ ਮਸਤਕ ਵੀ ਖਿੜ ਜਾਂਦਾ ਹੈ, ਨੂਰੀ
ਕਿਰਨਾਂ ਮੱਥੇ ਛੱਸ ਕੇ, ਬੁੱਕਲ ਵਿੱਚ ਸ੍ਰਿਸ਼ਟੀ ਜਾਪੇ, ਜਦ
ਹੋ ਜਾਂਦੇ ਦਰਸ਼ਨ ਤੇਰੇ। ਗੁਰਭਜਨ ਗਿੱਲ


ਦੂਸਰਿਆਂ ਲਈ ਸ਼ੁਭਚਿੰਤਨ ਦਾ ਵਕਤ ਕੋਈ ਪੱਕਾ ਨਹੀਂ
ਹੁੰਦਾ। ਜਿਹੜਾ ਬਹੁਤੀ ਕਰੇ ਖ਼ੁਸ਼ਾਮਦ,ਸਾਡਾ ਉਹ ਉਹ
ਸੱਕਾ ਨਹੀਂ ਹੁੰਦਾ। ਸਹਿਮਤ ਨਾਲ ਅਸਹਿਮਤ
ਤੁਰਦੈ,ਮਨ ਮੌਜੀ ਹੈ, ਚਾਕਰ ਨਹੀਉਂ, ਆਪਣੀ ਮਰਜ਼ੀ
ਕਰਦਾ ਹੈ ਇਹ, ਮੋੜਨ ਲਈ ਧੱਕਾ ਨਹੀਂ ਹੁੰਦਾ।
ਗੁਰਭਜਨ ਗਿੱਲ


ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ
ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ
ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ
ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ
ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ
ਕਹੀਏ। ਗੁਰਭਜਨ ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ
ਅੰਦਰ, ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ


ਰੋਜ਼ ਸੋਚਦਾਂ ਫੁੱਲਾਂ ਵਿੱਚੋਂ, ਤੁਰ ਗਈ ਹੈ ਖ਼ੁਸ਼ਬੋਈ
ਕਿੱਥੇ।?ਸਾਥੋਂ ਮਹਿਕ ਗੁਆਚੀ ਕਿੱਦਾਂ, ਸਾਥੋਂ ਗਲਤੀ
ਹੋਈ ਕਿੱਥੇ।?ਮਧੂ ਮੱਖੀਆਂ,ਤਿਤਲੀ ਤੇ ਭੰਵਰੇ, ਹੁਣ
ਗੁੰਜਾਰ ਕਿਉਂ ਨਹੀਂ ਪਾਉਂਦੇ, ਰੌਣਕ ਬਾਗ ਬਗੀਚੇ
ਵਾਲੀ, ਦੱਸਿਉ ਜੀ ਇਹ ਮੋਈ ਕਿੱਥੇ? ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ
ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ
ਬਹੀਏ। ਪਸ਼ੂ,ਪਰਿੰਦੇ, ਫੁੱਲ ਪ੍ਰਕਿਰਤੀ, ਹਰ ਪਲ ਦੇਂਦੀ
ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ


1.2K
ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ
ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ
ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ
ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ
4


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ
ਵੇ ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ,
ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ



ਗਰਮੀ ਖਾ ਕੇ ਪਿਘਲ ਗਿਆ ਹੈ,ਵੇਖੋ ਲੋਹਾ ਪਾਣੀ
ਬਣਿਆ। ਅੱਗ ਦੇ ਅੱਗੇ ਕੀ ਸੀ ਵੁੱਕਤ, ਕਦ ਤੱਕ
ਰਹਿੰਦਾ ਆਕੜ ਤਣਿਆ। ਪਰ ਸਾਡੇ ਲਈ ਸਬਕ ਬਣ
ਗਿਆ, ਜੇਕਰ ਸਿੱਖਣਾ ਚਾਹੀਏ ਆਪਾਂ, ਚੇਤੇ ਰੱਖ
ਸਬਰ ਦੀ ਮਿੱਟੀ, ਜਿਸ ਧਰਤੀ ਨੇ ਤੈਨੂੰ ਜਣਿਆ।
ਗੁਰਭਜਨ ਗਿੱਲ



ਧਰਤੀ ਦੇ ਸਿਰ ਸੁਰਮੇ ਰੰਗੀ ਚੁੰਨੀ ਅੰਬਰ ਤਾਣ ਗਿਆ ਹੈ। ਇਸ ਦੇ ਸਿਰ ਤੇ ਸਾਈਂ ਮੈਂ ਹਾਂ, ਜ਼ੁੰਮੇਵਾਰੀ ਜਾਣ ਗਿਆ ਹੈ। ਰਹਿਣ ਸਲਾਮਤ ਧੀਆਂ ਪੁੱਤਰ, ਤਪਦੀ ਧਰਤੀ ਰਹਿਮਤ ਬਰਸੇ, ਤਿੱਤਰ ਖੰਭੀ ਬੱਦਲੀ ਘੱਲ ਕੇ,ਆਪਣਾ ਫ਼ਰਜ਼ ਪਛਾਣ ਗਿਆ ਹੈ। ਗੁਰਭਜਨ ਗਿੱਲ

ਰਾਤ ਦੀ ਲੋਈ ਪਾਟ ਗਈ ਹੈ, ਸੂਹਾ ਸੁਰਖ਼ ਸਵੇਰਾ
ਚੜ੍ਹਿਆ। ਨੇਤਰ ਖੋਲ੍ਹ ਹਕੀਕਤ ਵੇਖੋ, ਵਕਤ ਫਰੇਮ ਚ
ਕੀ ਕੁਝ ਮੜ੍ਹਿਆ। ਕੁੱਲ ਧਰਤੀ ਦੀ ਹੋਣੀ ਇੱਕੋ, ਉੱਤਰ
ਦੱਖਣ , ਪੂਰਬ ਪੱਛਮ, ਫਿਰ ਪਛਤਾਇਆਂ ਕੁਝ ਨਾ
ਬਣਨਾ,ਸਬਕ ਦੀਵਾਰੋਂ ਜੇ ਨਾ ਪੜ੍ਹਿਆ।
ਗੁਰਭਜਨ ਗਿੱਲ



ਰਾਤੀਂ ਸੁੱਤਿਆਂ ਸੁਪਨਾ ਆਇਆ,ਦਿਨ ਚੜ੍ਹਿਆਂ ਤੇ
ਚੇਤੇ ਆਇਆ। ਬਹੁਤ ਪਛਾਣੀ 'ਵਾਜ਼ ਸੀ ਕੋਈ, ਜਿਸ
ਨੇ ਮੈਨੂੰ ਛੂਣ ਜਗਾਇਆ। ਸੁੱਤਿਆਂ ਸੁੱਤਿਆਂ ਰਾਤ ਨਾ
ਮੁੱਕੇ, ਜਾਗ ਪਉ, ਪੁੱਤ ਜਾਗਣ ਵੇਲਾ, ਇੰਜ ਲੱਗਿਆ,
ਮਾਂ ਆਖ ਰਹੀ ਹੈ, ਗੋਡੇ ਗੋਡੇ ਦਿਨ ਚੜ੍ਹ ਆਇਆ।
ਗੁਰਭਜਨ ਗਿੱਲ



ਸ਼ਬਦ ਗੁਰੂ ਦੀ ਸ਼ਕਤੀ ਤਿੰਨੇ,ਸੇਵਾ ਸਿਮਰਨ ਅਤੇ
ਸ਼ਹਾਦਤ। ਦਮ ਦਮ,ਪਲ ਪਲ,ਅੰਗ ਸੰਗ ਰੱਖਣਾ,
ਸ਼ਬਦ ਸਾਧਨਾ ਪਾਉ ਆਦਤ। ਕਰਮਭੂਮ ਵਿੱਚ ਜੇ ਨਾ
ਅੱਪੜੇ, ਜਨਮ ਅਕਾਰਥ ਰਹਿ ਜਾਵੇਗਾ, ਬਗਲ
ਸਮਾਧੀ ਲਾਉਣ ਸ਼ਿਕਾਰੀ, ਜਗਤ ਦਿਖਾਵਾ, ਕਹਿਣ
ਇਬਾਦਤ। ਗੁਰਭਜਨ ਗਿੱਲ



ਪੁੱਤਰ ਸ਼ਕਤੀ ਘਰ ਦੀ ਹੁੰਦੇ,ਧੀਆਂ ਤਾਂ ਸੱਚਮੁੱਚ ਨੇ
ਗਹਿਣਾ। ਧਰਤੀ ਜੇਡਾ ਜਿਗਰਾ ਰੱਖਣ, ਸਬਰ ਸਿਦਕ
ਵਿੱਚ ਹਰ ਪਲ ਰਹਿਣਾ। ਮਿੱਠੀ ਜਹੀ ਗੁਲਕੰਦ ਨੀ
ਧੀਏ, ਤੈਨੂੰ ਸੋਹਣੇ ਰੱਬ ਦੀਆਂ ਰੱਖਾਂ, ਰਹਿਮਤਾਂ ਨਾਲ
ਭਰੇਂ ਤੂੰ ਝੋਲੀ, ਦਾਦਾ ਦਾਦੀ ਸਭ ਦਾ ਕਹਿਣਾ।
ਗੁਰਭਜਨ ਗਿੱਲ



ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ
ਸਹਾਰਾ। ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ
ਸੁਣ ਕੇ ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ
ਹਾਸ਼ਮ ਸ਼ਾਹ ਦੇ ਕਹਿਣ ਮੁਤਾਬਕ, ਹਿੰਮਤ ਯਾਰ
ਬਣਾਉਂਦੇ ਜਿਹੜੇ, ਮੰਗਦੇ ਨਾ ਉਹ ਤਾਣ ਉਧਾਰਾ।
ਗੁਰਭਜਨ ਗਿੱਲ


ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ
ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ
ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ,
ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ
ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।
ਗੁਰਭਜਨ ਗਿੱਲ


ਕਾਰ ਸ਼ੈਤਾਨੀ ਸਮਿਆਂ ਕੀਤੀ ਕੰਧ ਓਹਲੇ ਪਰਦੇਸ ਬਣ
ਗਿਆ। ਅੰਨ੍ਹੀ ਤਾਕਤ ਅੰਨ੍ਹਾ ਕੀਤਾ, ਅੱਖਾਂ ਅੱਗੇ ਨ੍ਹੇਰ
ਤਣ ਗਿਆ। ਸੱਜਣ ਕੋਲ ਰਿਹਾ ਨਾ ਕੋਈ,ਅਰਜ਼ਾਂ,
ਗਰਜ਼ਾਂ ਤੰਬੂ ਤਾਣੇ, ਘੂਕੀ ਵਿੱਚੋਂ ਜਦ ਮੈਂ ਜਾਗਿਆ,
ਭਰਮਾਂ ਦਾ ਸੰਸਾਰ ਛਣ ਗਿਆ। ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ
ਹੈ। ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ
ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ,
ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ
ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ।
ਗੁਰਭਜਨ ਗਿੱਲ


ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ
ਦਾ ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ
ਬੋਲਣ ਦਾ ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ
ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ,
ਜੇ ਚਾਹੁੰਦੇ ਹੋ ਜਨਮ ਸੁਹੇਲਾ। ਗੁਰਭਜਨ ਗਿੱਲ



ਤੇਰਾ ਖ਼ਤ ਮਿਲਿਆ ਤਾਂ ਲੱਗਿਆ, ਚੰਨ ਚਾਨਣੀ ਰਾਤ ਪਈ ਹੈ। ਕੀ ਦੱਸਾਂ, ਬਿਨ ਪੜ੍ਹਿਆਂ ਤੋਂ ਹੀ, ਇੰਨ ਬਿੰਨ ਤੇਰੀ ਝਾਤ ਪਈ ਹੈ। ਜਿਉਂ ਖ਼ੁਸ਼ਬੋਈ ਤੇ ਰੰਗ ਰਹਿੰਦੇ,ਭਾਰ ਕਦੇ ਨਹੀਂ ਬਣਦੇ ਫੁੱਲ ਤੇ, ਸੱਚ ਮੰਨੀਂ !ਇੰਜ ਲੱਗਿਆ,ਰੂਹ ਤੇ ਚਾਨਣ ਦੀ ਬਰਸਾਤ ਪਈ ਹੈ।

ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫ਼ੁੱਲਾਂ ਦੇ ਨਾਲ।
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ।
ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ



ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ। ਤੂੰ
ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ,
ਮਹਿਕਾਂ ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ।
ਗੁਰਭਜਨ ਗਿੱਲ


ਸਾਗਰ ਕੰਢੇ ਲਹਿਰਾਂ ਗਿਣਦੇ,ਦਿਨ ਢਲਿਆ ਤੇ ਬਹਿ
ਗਈ ਸ਼ਾਮ। ਸੂਰ ਲਹਿਰਾਂ ਨੇ ਸਰਗਮ ਛੇੜੀ, ਹੋਰ ਦੂਨੀ
ਵਿੱਚ ਵਹਿ ਗਈ ਸ਼ਾਮ। ਕਦੇ ਕਦੇ ਇੰਜ ਬਹਿ ਜਾਇਆ
ਕਰ,ਵਕਤ ਸਵਾਰੀ ਕਰਦੇ ਹੋਏ, ਆਪਣੇ ਆਪ ਨੂੰ
ਮਿਲਿਆ ਕਰ ਤੂੰ, ਜਾਂਦੀ ਜਾਂਦੀ ਕਹੀ ਗਈ ਸ਼ਾਮ।
ਗੁਰਭਜਨ ਗਿੱਲ


ਆ ਜਾ ਤੈਨੂੰ ਬਾਤ ਸੁਣਾਵਾਂ ਸੁਣ ਨੀ ਕੋਮਲ ਕਲੀਏ। ਰੂਹ
ਤੇ ਜਿਸਮ ਸੰਭਾਲ ਕੇ ਰੱਖੀਂ, ਫਿਰਦੇ ਏਥੇ ਛਲੀਏ। ਤੂੰ
ਧਰਤੀ ਦੀ ਜਾਈ, ਅਣਖ਼ ਖ਼ੁਰਾਕ ਤੇਰੀ ਦਾ ਹਿੱਸਾ, ਤੂੰ
ਸ਼ਕਤੀ ਤੇ ਅਣਮੁੱਕ ਜਵਾਲਾ, ਆ ਜਾ ਲਟ ਲਟ
ਬਲ਼ੀਏ। ਗੁਰਭਜਨ ਗਿੱਲ


AI
ਲੋਕ ਵਿਚਾਰੇ ਵਖ਼ਤਾਂ ਮਾਰੇ, ਜਿਉਣ ਵਸੀਲਾ ਟੋਲ ਰਹੇ
ਨੇ। ਮਿੱਟੀ ਵਿੱਚੋਂ ਆਪਣੀ ਕਿਸਮਤ ਸਦੀਆਂ ਤੋਂ ਹੀ ਫ਼ੋਲ
ਰਹੇ ਨੇ। ਸਰਬ ਸਮੇਂ ਦੇ ਚਾਤਰ ਹਾਕਮ ਧਰਮ ਕਰਮ ਦਾ
ਓਹਲਾ ਕਰਕੇ, ਅੰਨ੍ਹੀ ਰੱਯਤ ਗਿਆਨ ਵਿਹੂਣੀ ਪੈਰਾਂ
ਹੇਠ ਮਧੋਲ ਰਹੇ ਨੇ। ਗੁਰਭਜਨ ਗਿੱਲ


ਤੇਰਾ ਹੱਸਣਾ ਬਹਾਰ ਦੇਂਦਾ ਹੈ। ਚੁੱਪ ਰਹਿਣਾ ਤਾਂ ਮਾਰ
ਦੇਂਦਾ ਹੈ। ਬਿਰਖ਼ ਨਵੀਆਂ ਕਰੂੰਬਲਾਂ ਖ਼ਾਤਰ, ਜ਼ਰਦ ਪੱਤੇ
ਉਤਾਰ ਦੇਂਦਾ ਹੈ। ਤੀਰ ਸੀਨੇ ਮੇਰੇ ਨੂੰ ਚੁੰਮਦੇ ਨੇ, ਵੈਰੀ
ਕਿੰਨਾ ਪਿਆਰ ਦੇਂਦਾ ਹੈ। ਨਕਦ ਸੌਦਾ ਹੈ ਤੇਗ ਤੇ
ਤੁਰਨਾ, ਵਕਤ ਕਿਸ ਨੂੰ ਉਧਾਰ ਦੇਂਦਾ ਹੈ। ਗੁਰਭਜਨ
ਗਿੱਲ


ਕੱਕਾ ਰੇਤਾ ਪੈਰਾਂ ਥੱਲੇ ਸਿਰ ਤੇ ਨੀਲੀ ਛਤਰੀ ਵਾਲ਼ਾ।
ਦੋਹਾਂ ਦੇ ਵਿਚਕਾਰ ਤੁਰਾਂ ਮੈਂ ਉਸਤਰਿਆਂ ਦੀ ਪਾ ਕੇ
ਮਾਲ਼ਾ । ਚੜ੍ਹਦਾ ਲਹਿੰਦਾ ਸੂਰਜ ਮੈਨੂੰ ਸਬਕ
ਸਿਖਾਵੇ ਕਿਰਨਾਂ ਰਾਹੀਂ, ਹਰ ਪਲ ਜਾਣ ਤੇ ਮਾਣ
ਚੌਗਿਰਦਾ,ਧਰਤੀ ਅੰਬਰ ਆਲ਼ ਦੁਆਲ਼ਾ।
ਗੁਰਭਜਨ ਗਿੱਲ


ਮਾਨਣ ਤੋਂ ਦੱਸ ਕਿਹੜਾ ਰੋਕੇ ਜੇ ਇਨ੍ਹਾਂ ਦਾ ਨਾਂ ਨਹੀਂ
ਆਉਂਦਾ। ਪੱਤਾ ਪੱਤਾ ਸੁਹਜ ਸਲੀਕਾ ਸਹਿਜ ਨਾਲ ਸਭ
ਕੁਝ ਸਮਝਾਉਂਦਾ। ਵੱਖਰੀ ਗੱਲ ਹੈ ਸਾਡੇ ਅੰਦਰ ਭਟਕਣ
ਦਾ ਦਿਨ ਰੈਣ ਬਸੇਰਾ, ਏਸੇ ਨੂੰ ਹੀ ਕੱਢਣ ਦੇ ਲਈ
ਬਲਿਹਾਰੀ ਫੁੱਲ ਬਣ ਕੇ ਆਉਂਦਾ। ਗੁਰਭਜਨ ਗਿੱਲ


ਫੁੱਲ ਕਲੀਆਂ ਖ਼ੁਸ਼ਬੋਈਆਂ ਵਾਂਗੂੰ ਕਦੇ ਕਦਾਈਂ ਮਿਲ
ਜਾਇਆ ਕਰ। ਆਪਣਿਆਂ ਤੋਂ ਕਾਹਦਾ ਪਰਦਾ
ਆਪਣਿਆਂ ਤੋਂ ਕਿਸ ਗੱਲ ਦਾ ਡਰ। ਸੱਚੀ ਗੱਲ ਹੈ
ਅੱਜ ਕੱਲ੍ਹ ਤਾਂ ਬਈ ਡਰਦੀ 'ਵਾਜ ਨਾ ਸੰਘੀਉਂ ਨਿਕਲੇ,
ਥੱਕ ਜਾਂਦੇ ਆਂ ਰੋਜ਼ ਦਿਹਾੜੀ ਘਰ ਅੰਦਰ ਬਿਨ ਆਈ
ਮਰ ਮਰ। ਗੁਰਭਜਨ ਗਿੱਲ


ਫੁੱਲਾਂ ਤੋਂ ਹੀ ਹੱਸਣਾ ਸਿੱਖ ਲੈ, ਪੱਥਰ ਦੀ ਮੂਰਤ ਨੂੰ
ਕਹਿਣਾ। ਜਿਸ ਥਾਂ ਤੈਨੂੰ ਧਰਿਆ ਭਲੀਏ, ਹੱਸਦੇ ਰੋਂਦੇ
ਤੂੰ ਹੀ ਬਹਿਣਾ। ਰੁਤਬੇ ਦਾ ਹੰਕਾਰ ਨਾ ਕਰੀਏ,
ਪਰਛਾਵਾਂ ਹੈ ਦਿਨ ਦਾ ਸੰਗੀ, ਅੱਜ ਦਾ ਵਕਤ
ਖੁੰਝਾਇਆ ਜੇ ਤੂੰ, ਪਛਤਾਵਾ ਨਹੀਂ ਮਗਰੋਂ ਲਹਿਣਾ।
ਗੁਰਭਜਨ ਗਿੱਲ


ਨੰਗੀ ਅੱਖ ਨੂੰ ਜੋ ਕੁਝ ਦਿਸਦਾ,ਇਹ ਤਾਂ ਬਾਤ ਸਰੀਰਾਂ
ਦੀ ਹੈ। ਪਿੰਡ, ਜ਼ਿਲ੍ਹਾ,ਸੂਬਾ ਸਣ ਦੇਸਾਂ, ਸਾਰੀ ਖੇਡ
ਲਕੀਰਾਂ ਦੀ ਹੈ। ਸੁੱਕੇ ਬਿਰਖ਼ ਉਦਾਸ ਦੇ ਕੰਨ ਵਿੱਚ
ਬੱਦਲਾਂ ਆ ਕੇ ਬਹਿ ਸਮਝਾਇਆ, ਧਰਤੀ ਵਾਲਿਆਂ
ਨੂੰ ਤੂੰ ਦੇ ਇਹ ਜੋ ਰਮਜ਼ ਫ਼ਕੀਰਾਂ ਦੀ ਹੈ।
ਗੁਰਭਜਨ ਗਿੱਲ


ਕੰਕਰੀਟ ਦੇ ਕੈਦੀ ਲੋਕੋ, ਬਾਗ ਬਗੀਚਿਆਂ ਅੰਦਰ
ਆਉ। ਫ਼ਲ ਤੋਂ ਪਹਿਲਾਂ ਫੁੱਲ ਆਉਂਦੇ ਨੇ, ਇਨ੍ਹਾਂ ਦੇ
ਸੰਗ ਨਜ਼ਰ ਮਿਲਾਉ। ਸ਼ਹਿਦ ਦੀਆਂ ਮੱਖੀਆਂ ਦਾ
ਮੇਲਾ ਇਸ ਮੌਸਮ ਵਿੱਚ ਭਰਦਾ ਪੂਰਾ, ਕਿੱਦਾਂ ਚੁੰਮਣ
ਫੁੱਲਾਂ ਦਾ ਮੂੰਹ,ਇਹ ਪਲ ਰੂਹ ਦੇ ਅੰਦਰ ਪਾਉ।
ਗੁਰਭਜਨ ਗਿੱਲ

[redacted]



ਸਦੀਆਂ ਲੰਮਾ ਸਫ਼ਰ ਮੁਕਾ ਕੇ, ਮੇਰੇ ਹੱਥ ਜੇ ਅੱਜ ਵੀ
ਕੜੀਆਂ। ਧਰਤੀ ਦੀ ਧੀ ਪੁੱਛਦੀ ਸਾਥੋਂ, ਕਿਹੜੇ ਕੰਮ
ਕਿਤਾਬਾਂ ਪੜ੍ਹੀਆਂ। ਮੇਰੀ ਇੱਕ ਤਸਵੀਰ ਤੁਹਾਡੇ ਹੱਥਾਂ
ਦੇ ਵਿੱਚ ਆ ਗਈ ਕਿਤਿਓਂ, ਮੇਰੇ ਜਹੀਆਂ ਸੰਗਲ
ਬੱਧੀਆਂ ਹਰ ਧਰਤੀ ਤੇ ਧੀਆਂ ਬੜੀਆਂ।

ਗੁਰਭਜਨ ਗਿੱਲ



ਸਾਂਭਣ ਵਾਲੇ ਸਾਂਭ ਰਹੇ ਨੇ ਅੱਖਰਾਂ ਦਾ ਮੱਥੇ ਵਿੱਚ
ਚਾਨਣ। ਚੂਹੇ ਦੌੜ 'ਚ ਰੁੱਝੇ ਲੋਕੀਂ, ਉਹ ਕੀ ਸਾਰ
ਗਿਆਨ ਦੀ ਜਾਨਣ। ਚੇਤਨ ਹਸਤੀ ਅਸਲੀ ਪੂੰਜੀ
ਸਗਲ ਹਯਾਤੀ ਮੁੱਕਦੀ ਨਹੀਂਉਂ, ਲਾਲਟੈਣ ਲੈ ਅੱਗੇ
ਤੁਰਦੇ, ਜਿਉਂ ਹਾਣੀ ਸੰਗ ਤੁਰਦੀ ਹਾਨਣ।
ਗੁਰਭਜਨ ਗਿੱਲ


ਉੱਡਿਆ ਫਿਰਦੈਂ ਬੱਦਲਾਂ ਵਾਂਗੂੰ, ਹਿਰਨਾਂ ਦੇ ਸਿੰਗਾਂ ਤੇ
ਚੜ੍ਹ ਕੇ। ਜਦੋਂ ਮੁਸੀਬਤ ਦਰ ਖੜਕਾਵੇ, ਬਹਿ ਜਾਂਦਾ ਏਂ
ਅੰਦਰ ਵੜ ਕੇ। ਢੇਰੀ ਢਾਹ ਨਾ ਬਹਿ ਜਾਇਆ ਕਰ,
ਹਿੰਮਤ ਕਰ ਲੈ ਸ਼ੇਰ ਜਵਾਨਾ, ਜ਼ਿੰਦਗੀ ਤਾਂ ਸੰਗਰਾਮ
ਦਾ ਨਾਂ ਹੈ,ਵੇਖ ਜ਼ਰਾ ਇਤਿਹਾਸ ਨੂੰ ਪੜ੍ਹ ਕੇ।
ਗੁਰਭਜਨ ਗਿੱਲ


ਨਾ ਮੌਸਮ ਨਾ ਤਲਖ਼ ਸਮੁੰਦਰ ਬਦਲ ਸਕਾਂ ਮੈਂ ਤਰਲੇ
ਕਰਕੇ। ਤਰ ਸਕਦਾ ਹਾਂ ਇਸ ਦੀ ਹਿੱਕ ਤੇ, ਬਹਿਣਾ
ਨਹੀਂ ਮੈਂ ਇਸ ਤੋਂ ਡਰ ਕੇ। ਲਹਿਰਾਂ ਤੇ ਤੂਫ਼ਾਨ ਹਮੇਸ਼ਾਂ
ਆਉਂਦੇ ਸਾਡੀ ਹਿੰਮਤ ਪਰਖ਼ਣ, ਹਰ ਮੁਸ਼ਕਿਲ
ਵੰਗਾਰਾਂਗਾ ਮੈਂ, ਇਹ ਵੀ ਸਿਤਮ ਕਰੇ ਜੀ ਭਰ ਕੇ।
ਗੁਰਭਜਨ ਗਿੱਲ


ਵੇ ਬੱਚਿਆ, ਨਾ ਕਦੇ ਵਿਸਾਰੀਂ, ਕੁਦਰਤ ਵਰਗੀ ਮਾਂ
ਨਹੀਂ ਲੱਭਣੀ। ਜੰਮੇ ਪਾਲ਼ੇ ਖੇਡ ਖਿਡਾਵੇ, ਤੁਰ ਗਈ ਤਾਂ
ਫਿਰ ਮਾਂ ਨਹੀਂ ਲੱਭਣੀ। ਮਾਂ ਬੋਲੀ ਨੇ ਦੱਸਿਆ ਜੀਣਾ,
ਹੱਸਣਾ, ਗੌਣਾ, ਰੋ ਮੂੰਹ ਧੋਣਾ, ਤਿੰਨਾਂ ਤੋਂ ਜੇ ਟੁੱਟ ਗਿਆ
ਤਾਂ, ਥਲ ਵਿੱਚ ਸੰਘਣੀ ਛਾਂ ਨਹੀਂ ਲੱਭਣੀ।
ਗੁਰਭਜਨ ਗਿੱਲ





ਹਰ ਪਲ ਨੂੰ ਤੂੰ ਮਾਣ ਨੀ ਜਿੰਦੇ, ਜੀਅ ਲੈ ਅੱਜ ਨੂੰ ਰੱਜ
ਕੇ। ਲੰਘਿਆ ਪਾਣੀ ਕਿਸ ਨੇ ਫੜਿਆ, ਕਮਲਿਆਂ
ਵਾਂਗੂੰ ਭੱਜ ਕੇ। ਅੱਜ ਨੂੰ ਸਾਂਭਣ ਵਾਲੇ ਸੋਹਣਿਆ!
ਮਗਰੋਂ ਨਾ ਪਛਤਾਉਂਦੇ, ਕੱਲ੍ਹ ਦੀ ਹਿੱਕ ਤੇ ਕਰਨ
ਸਵਾਰੀ ਹਿੰਮਤੀ ਹੀ ਗੱਜ ਵੱਜ ਕੇ। ਗੁਰਭਜਨ ਗਿੱਲ


ਦਿਨ ਚੜ੍ਹਦੇ ਦੱਸ ਆਹ ਕੀ ਹੋਇਆ,ਧਰਤ ਵੈਰਾਗਣ
ਹੋਈ। ਉਹ ਹੱਥ ਸਾਥੋਂ ਦੂਰ ਤੁਰ ਗਿਆ, ਵੰਡਦਾ ਸੀ ਜੋ
ਖ਼ੁਸ਼ਬੋਈ। ਕਿੰਜ ਮੈਂ ਮੂੰਹੋਂ ਕਹਾਂ ਅਲਵਿਦਾ,ਜਦ ਸੋਚਾਂ
ਗਸ਼ ਪੈਂਦੇ, ਸਿਰ ਤੋਂ ਪੈਰਾਂ ਤੀਕ ਮੁਹੱਬਤ, ਵੇਖੀ ਨਾ ਜਾਵੇ
ਮੋਈ। ਗੁਰਭਜਨ ਗਿੱਲ


ਸਾਗਰ ਕੰਢੇ ਲਹਿਰਾਂ ਗਿਣਦੇ,ਦਿਨ ਢਲਿਆ ਤੇ ਬਹਿ
ਗਈ ਸ਼ਾਮ। ਸੂਰ ਲਹਿਰਾਂ ਨੇ ਸਰਗਮ ਛੇੜੀ, ਹੋਰ ਦੂਨੀ
ਵਿੱਚ ਵਹਿ ਗਈ ਸ਼ਾਮ। ਕਦੇ ਕਦੇ ਇੰਜ ਬਹਿ ਜਾਇਆ
ਕਰ,ਵਕਤ ਸਵਾਰੀ ਕਰਦੇ ਹੋਏ, ਆਪਣੇ ਆਪ ਨੂੰ
ਮਿਲਿਆ ਕਰ ਤੂੰ, ਜਾਂਦੀ ਜਾਂਦੀ ਕਹੀ ਗਈ ਸ਼ਾਮ।
ਗੁਰਭਜਨ ਗਿੱਲ



ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ। ਤੂੰ
ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ,
ਮਹਿਕਾਂ ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ।
ਗੁਰਭਜਨ ਗਿੱਲ


ਰੰਗ ਤੇ ਖ਼ੁਸ਼ਬੂ ਦਾ ਰਿਸ਼ਤਾ, ਜਿਸ ਤਰ੍ਹਾਂ ਫੁੱਲਾਂ ਦੇ ਨਾਲ।
ਮੈਂ ਬਰਾਬਰ ਤੁਰ ਰਿਹਾ ਹਾਂ, ਵੇਖ, ਤੇਰੇ ਨਾਲ ਨਾਲ।
ਹੱਦ ਨਾ ਸਰਹੱਦ ਰੋਕੇ, ਮਹਿਕ -ਬੁੱਲਾ ਜਿਸਮਹੀਣ,
ਨਾ ਕਰੇ ਮਹਿਸੂਸ ਮੈਨੂੰ, ਹੈ ਭਲਾ ਕਿਸ ਦੀ ਮਜ਼ਾਲ।
ਗੁਰਭਜਨ ਗਿੱਲ



ਤੇਰਾ ਖ਼ਤ ਮਿਲਿਆ ਤਾਂ ਲੱਗਿਆ, ਚੰਨ ਚਾਨਣੀ ਰਾਤ ਪਈ ਹੈ। ਕੀ ਦੱਸਾਂ, ਬਿਨ ਪੜ੍ਹਿਆਂ ਤੋਂ ਹੀ, ਇੰਨ ਬਿੰਨ ਤੇਰੀ ਝਾਤ ਪਈ ਹੈ। ਜਿਉਂ ਖ਼ੁਸ਼ਬੋਈ ਤੇ ਰੰਗ ਰਹਿੰਦੇ,ਭਾਰ ਕਦੇ ਨਹੀਂ ਬਣਦੇ ਫੁੱਲ ਤੇ, ਸੱਚ ਮੰਨੀਂ !ਇੰਜ ਲੱਗਿਆ,ਰੂਹ ਤੇ ਚਾਨਣ ਦੀ ਬਰਸਾਤ ਪਈ ਹੈ।

ਗੁਰਭਜਨ ਗਿੱਲ


ਗੁਰੂਆਂ ਪੀਰਾਂ ਇਹ ਸਮਝਾਇਆ, ਜ਼ਿੰਦਗੀ ਹੈ ਰੰਗਾਂ
ਦਾ ਮੇਲਾ। ਇੱਕ ਦੂਜੇ ਦੀ ਪੀੜ ਪਛਾਣੋ, ਬੋਲੋ ਜਦ
ਬੋਲਣ ਦਾ ਵੇਲਾ। ਸਦਾ ਭਲਾ ਸਰਬੱਤ ਦਾ ਮੰਗੋ, ਦੀਨ
ਦੁਖੀ ਦਾ ਦਰਦ ਨਿਵਾਰੋ, ਮੈਂ, ਮੇਰੀ ਨੂੰ ਮਾਰ ਮੁਕਾਉ,
ਜੇ ਚਾਹੁੰਦੇ ਹੋ ਜਨਮ ਸੁਹੇਲਾ। ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ
ਹੈ। ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ
ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ,
ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ
ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ।
ਗੁਰਭਜਨ ਗਿੱਲ



ਕਾਰ ਸ਼ੈਤਾਨੀ ਸਮਿਆਂ ਕੀਤੀ ਕੰਧ ਓਹਲੇ ਪਰਦੇਸ ਬਣ
ਗਿਆ। ਅੰਨ੍ਹੀ ਤਾਕਤ ਅੰਨ੍ਹਾ ਕੀਤਾ, ਅੱਖਾਂ ਅੱਗੇ ਨ੍ਹੇਰ
ਤਣ ਗਿਆ। ਸੱਜਣ ਕੋਲ ਰਿਹਾ ਨਾ ਕੋਈ,ਅਰਜ਼ਾਂ,
ਗਰਜ਼ਾਂ ਤੰਬੂ ਤਾਣੇ, ਘੂਕੀ ਵਿੱਚੋਂ ਜਦ ਮੈਂ ਜਾਗਿਆ,
ਭਰਮਾਂ ਦਾ ਸੰਸਾਰ ਛਣ ਗਿਆ। ਗੁਰਭਜਨ ਗਿੱਲ


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ
ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ
ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ,
ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ
ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ।
ਗੁਰਭਜਨ ਗਿੱਲ


AI



ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ ਸਹਾਰਾ। ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ ਸੁਣ ਕੇ ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ ਹਾਸ਼ਮ ਸ਼ਾਹ ਦੇ ਕਹਿਣ ਮੁਤਾਬਕ, ਹਿੰਮਤ ਯਾਰ ਬਣਾਉਂਦੇ ਜਿਹੜੇ, ਮੰਗਦੇ ਨਾ ਉਹ ਤਾਣ ਉਧਾਰਾ।

ਗੁਰਭਜਨ ਗਿੱਲ



ਪੁੱਤਰ ਸ਼ਕਤੀ ਘਰ ਦੀ ਹੁੰਦੇ,ਧੀਆਂ ਤਾਂ ਸੱਚਮੁੱਚ ਨੇ
ਗਹਿਣਾ। ਧਰਤੀ ਜੇਡਾ ਜਿਗਰਾ ਰੱਖਣ, ਸਬਰ ਸਿਦਕ
ਵਿੱਚ ਹਰ ਪਲ ਰਹਿਣਾ। ਮਿੱਠੀ ਜਹੀ ਗੁਲਕੰਦ ਨੀ
ਧੀਏ, ਤੈਨੂੰ ਸੋਹਣੇ ਰੱਬ ਦੀਆਂ ਰੱਖਾਂ, ਰਹਿਮਤਾਂ ਨਾਲ
ਭਰੇਂ ਤੂੰ ਝੋਲੀ, ਦਾਦਾ ਦਾਦੀ ਸਭ ਦਾ ਕਹਿਣਾ।

ਗੁਰਭਜਨ ਗਿੱਲ


ਸ਼ਬਦ ਗੁਰੂ ਦੀ ਸ਼ਕਤੀ ਤਿੰਨੇ,ਸੇਵਾ ਸਿਮਰਨ ਅਤੇ
ਸ਼ਹਾਦਤ। ਦਮ ਦਮ,ਪਲ ਪਲ,ਅੰਗ ਸੰਗ ਰੱਖਣਾ,
ਸ਼ਬਦ ਸਾਧਨਾ ਪਾਉ ਆਦਤ। ਕਰਮਭੂਮ ਵਿੱਚ ਜੇ ਨਾ
ਅੱਪੜੇ, ਜਨਮ ਅਕਾਰਥ ਰਹਿ ਜਾਵੇਗਾ, ਬਗਲ
ਸਮਾਧੀ ਲਾਉਣ ਸ਼ਿਕਾਰੀ, ਜਗਤ ਦਿਖਾਵਾ, ਕਹਿਣ
ਇਬਾਦਤ। ਗੁਰਭਜਨ ਗਿੱਲ

ਰਾਤ ਦੀ ਲੋਈ ਪਾਟ ਗਈ ਹੈ, ਸੂਹਾ ਸੁਰਖ਼ ਸਵੇਰਾ
ਚੜ੍ਹਿਆ। ਨੇਤਰ ਖੋਲ੍ਹ ਹਕੀਕਤ ਵੇਖੋ, ਵਕਤ ਫਰੇਮ ਚ
ਕੀ ਕੁਝ ਮੜ੍ਹਿਆ। ਕੁੱਲ ਧਰਤੀ ਦੀ ਹੋਣੀ ਇੱਕੋ, ਉੱਤਰ
ਦੱਖਣ , ਪੂਰਬ ਪੱਛਮ, ਫਿਰ ਪਛਤਾਇਆਂ ਕੁਝ ਨਾ
ਬਣਨਾ,ਸਬਕ ਦੀਵਾਰੋਂ ਜੇ ਨਾ ਪੜ੍ਹਿਆ।

ਗੁਰਭਜਨ ਗਿੱਲ



ਧਰਤੀ ਦੇ ਸਿਰ ਸੁਰਮੇ ਰੰਗੀ ਚੁੰਨੀ ਅੰਬਰ ਤਾਣ ਗਿਆ ਹੈ। ਇਸ ਦੇ ਸਿਰ ਤੇ ਸਾਈਂ ਮੈਂ ਹਾਂ, ਜ਼ੁੰਮੇਵਾਰੀ ਜਾਣ ਗਿਆ ਹੈ। ਰਹਿਣ ਸਲਾਮਤ ਧੀਆਂ ਪੁੱਤਰ, ਤਪਦੀ ਧਰਤੀ ਰਹਿਮਤ ਬਰਸੇ, ਤਿੱਤਰ ਖੰਭੀ ਬੱਦਲੀ ਘੱਲ ਕੇ,ਆਪਣਾ ਫ਼ਰਜ਼ ਪਛਾਣ ਗਿਆ ਹੈ। ਗੁਰਭਜਨ ਗਿੱਲ



ਗਰਮੀ ਖਾ ਕੇ ਪਿਘਲ ਗਿਆ ਹੈ,ਵੇਖੋ ਲੋਹਾ ਪਾਣੀ
ਬਣਿਆ। ਅੱਗ ਦੇ ਅੱਗੇ ਕੀ ਸੀ ਵੁੱਕਤ, ਕਦ ਤੱਕ
ਰਹਿੰਦਾ ਆਕੜ ਤਣਿਆ। ਪਰ ਸਾਡੇ ਲਈ ਸਬਕ ਬਣ
ਗਿਆ, ਜੇਕਰ ਸਿੱਖਣਾ ਚਾਹੀਏ ਆਪਾਂ, ਚੇਤੇ ਰੱਖ
ਸਬਰ ਦੀ ਮਿੱਟੀ, ਜਿਸ ਧਰਤੀ ਨੇ ਤੈਨੂੰ ਜਣਿਆ।
ਗੁਰਭਜਨ ਗਿੱਲ


ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ
ਵੇ ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ,
ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


1.2K
ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ
ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ
ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ
ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ


ਰੋਜ਼ ਸੋਚਦਾਂ ਫੁੱਲਾਂ ਵਿੱਚੋਂ, ਤੁਰ ਗਈ ਹੈ ਖ਼ੁਸ਼ਬੋਈ
ਕਿੱਥੇ।?ਸਾਥੋਂ ਮਹਿਕ ਗੁਆਚੀ ਕਿੱਦਾਂ, ਸਾਥੋਂ ਗਲਤੀ
ਹੋਈ ਕਿੱਥੇ।?ਮਧੂ ਮੱਖੀਆਂ,ਤਿਤਲੀ ਤੇ ਭੰਵਰੇ, ਹੁਣ
ਗੁੰਜਾਰ ਕਿਉਂ ਨਹੀਂ ਪਾਉਂਦੇ, ਰੌਣਕ ਬਾਗ ਬਗੀਚੇ
ਵਾਲੀ, ਦੱਸਿਓ ਜੀ ਇਹ ਮੋਈ ਕਿੱਥੇ? ਗੁਰਭਜਨ ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ
ਅੰਦਰ, ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ


ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ
ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ
ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ
ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ
ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ
ਕਹੀਏ। ਗੁਰਭਜਨ ਗਿੱਲ


ਦੂਸਰਿਆਂ ਲਈ ਸ਼ੁਭਚਿੰਤਨ ਦਾ ਵਕਤ ਕੋਈ ਪੱਕਾ ਨਹੀਂ
ਹੁੰਦਾ। ਜਿਹੜਾ ਬਹੁਤੀ ਕਰੇ ਖ਼ੁਸ਼ਾਮਦ,ਸਾਡਾ ਉਹ ਉਹ
ਸੱਕਾ ਨਹੀਂ ਹੁੰਦਾ। ਸਹਿਮਤ ਨਾਲ ਅਸਹਿਮਤ
ਤੁਰਦੈ,ਮਨ ਮੌਜੀ ਹੈ, ਚਾਕਰ ਨਹੀਉਂ, ਆਪਣੀ ਮਰਜ਼ੀ
ਕਰਦਾ ਹੈ ਇਹ, ਮੋੜਨ ਲਈ ਧੱਕਾ ਨਹੀਂ ਹੁੰਦਾ।
ਗੁਰਭਜਨ ਗਿੱਲ


ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ
ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ
ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ,
ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ
ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।
ਗੁਰਭਜਨ ਗਿੱਲ


ਇਹ ਸਤਰੰਗੀ ਪੀਂਘ ਦੋਸਤੋ, ਬਿਲਕੁਲ ਮਨ ਦੀ ਲਹਿਰ
ਜਹੀ ਹੈ। ਮਾਣ ਲਵੋ ਤਾਂ ਆਪਣੇ ਅੰਦਰ , ਖਿੜਦੀ
ਸਿਖ਼ਰ ਦੁਪਹਿਰ ਜਹੀ ਹੈ। ਮਨ ਦੇ ਰੌਂਅ ਤੇ ਇਹ ਹੈ
ਨਿਰਭਰ , ਬੂਹੇ ਬੰਦ ਜਾਂ ਖੋਲ੍ਹ ਕੇ ਰੱਖਣੇ, ਦੇਖਦਿਆਂ ਵੀ
ਅਣਡਿੱਠ ਕਰਨਾ, ਇਹ ਬਿਰਤੀ ਤਾਂ ਸ਼ਹਿਰ ਜਹੀ ਹੈ।
ਗੁਰਭਜਨ ਗਿੱਲ


ਚੜ੍ਹਦਾ ਸੂਰਜ ਵੇਖ ਲਿਆ ਮੈਂ, ਇਓਂ ਲੱਗਿਆ ਤੂੰ ਕੋਲ
ਹੈਂ ਮੇਰੇ। ਏਸ ਤਰ੍ਹਾਂ ਹੀ ਮਿਲ ਜਾਇਆ ਕਰ, ਚੀਰ ਚੂਰ
ਕੇ ਘੋਰ ਹਨ੍ਹੇਰੇ। ਮਨ ਮਸਤਕ ਵੀ ਖਿੜ ਜਾਂਦਾ ਹੈ, ਨੂਰੀ
ਕਿਰਨਾਂ ਮੱਥੇ ਛੱਸ ਕੇ, ਬੁੱਕਲ ਵਿੱਚ ਸ੍ਰਿਸ਼ਟੀ ਜਾਪੇ, ਜਦ
ਹੋ ਜਾਂਦੇ ਦਰਸ਼ਨ ਤੇਰੇ। ਗੁਰਭਜਨ ਗਿੱਲ


ਤੇਰੇ ਨਾਲ ਗੁਫ਼ਤਗੂ ਕਰਦੇ,ਜਾਪੇ ਲੋਹ ਤੇ ਪੈਂਦੀਆਂ
ਕਣੀਆਂ। ਹੁਣ ਤੇਰੀ ਚੁੱਪ ਕਾਰਨ ਮੇਰੀ ਤਪਦੀ ਜਾਨ
ਮੁਸ਼ਕਿਲਾਂ ਬਣੀਆਂ। ਪੀਲਾ ਪੈ ਗਿਆ ਫੁੱਲ ਗੁਲਾਬੀ
ਮਹਿਕ ਗੁਆਚੀ ਰੰਗ ਵੀ ਰੁੱਸੇ, ਮੋਰਨੀਏ ਨਾ ਕਾਬੂ
ਆਵਣ ਖਿਸਕਦੀਆਂ ਯਾਦਾਂ ਤੇ ਤਣੀਆਂ।
ਗੁਰਭਜਨ ਗਿੱਲ


ਰੂਹ ਦਾ ਹੁਸਨ ਸਦੀਵੀ ਸ਼ਕਤੀ ਇਹ ਟਕਸਾਲੀ ਸਿੱਕਾ।
ਇਸ ਦੇ ਅੱਗੇ ਸਾਰਾ ਕੁਝ ਹੀ ਲੱਗਦਾ ਫਿੱਕਾ ਫਿੱਕਾ।
ਇਸ ਨੂੰ ਸਾਂਭ ਸੰਭਾਲ ਕੇ ਰੱਖਣਾ, ਤੇਰੀ ਜ਼ੁੰਮੇਵਾਰੀ,
ਸੋਨੇ ਨਾਲੋਂ ਬਹੁਤਾ ਚਮਕੇ, ਮੱਥੇ ਸੂਰਜ ਟਿੱਕਾ।
ਗੁਰਭਜਨ ਗਿੱਲ


ਕੁਝ ਲੋਕਾਂ ਦੇ ਮੱਥੇ ਲਿਖਿਆ, ਹੋਰ ਕਿਸੇ ਦਾ ਚਾਅ ਨਾ
ਸਹਿਣਾ। ਗੈਸ ਪੇਟ ਦੀ ਮੂੰਹ ‘ਚੋਂ ਕੱਢਣਾ, ਪੁੱਠੀਆਂ
ਚਾਲਾਂ ਚੱਲਦੇ ਰਹਿਣਾ। ਨੌਂ ਸੌ ਚੂਹੇ ਖਾ ਕੇ ਬਿੱਲੀ, ਬਣੀ
ਭਗਤਣੀ ਵੇਖ ਲਵੋ ਜੀ, ਏਸ ਨਸਲ ਦੀ ਫਿਤਰਤ
ਬਾਰੇ, ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ।
ਗੁਰਭਜਨ ਗਿੱਲ


ਝੀਲਾਂ, ਝਰਨੇ, ਨੀਲਾ ਸਾਗਰ, ਧਰਤੀ ਤੇ ਲਿਖੀਆਂ
ਕਵਿਤਾਵਾਂ। ਜੇ ਤੂੰ ਵਕਤ ਦਏਂ ਤਾਂ ਤੈਨੂੰ ਕੁਝ ਵਰਕੇ ਪੜ੍ਹ
ਬੋਲ ਸੁਣਾਵਾਂ। ਕਿੰਨਾ ਕੁਝ ਅਣਪੜ੍ਹਿਆ ਛੱਡ ਕੇ, ਕਹਿੰਦੈਂ
ਜ਼ਿੰਦਗੀ ਫਿੱਕੀ ਫਿੱਕੀ, ਵੇਖ ਕਦੇ ਤੂੰ ਧਰਤੀ
ਅੰਬਰ,ਰੰਗਾਂ ਮੱਲੀਆਂ ਕਿੰਨੀਆਂ ਥਾਵਾਂ।
ਗੁਰਭਜਨ ਗਿੱਲ


ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ
ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ
ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ
ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ
ਮਾਂ ਨੂੰ ਪੜ੍ਹ ਸਕਣਾ, ਤੇਰਾ ਮੱਥਾ ਕਿਉਂ ਚਿੜਿਆ ਹੈ।
ਗੁਰਭਜਨ ਗਿੱਲ


ਕਾਇਮ ਰੱਖਣਾ ਮਾਣ ਕੌਮ ਦਾ, ਤੂੰ ਦਸਤਾਰ ਪੰਜਾਬ ਦੀ
ਵੀਰਾ। ਬਾਰ ਬਾਰ ਨਹੀਂ ਮਿਲਣਾ ਤੈਨੂੰ, ਮਾਣਕ ਜਨਮ
ਅਮੋਲਕ ਹੀਰਾ। ਭੁੱਲੀਂ ਨਾ ਵਿਰਸੇ ਦੀ ਸ਼ਕਤੀ, ਇਹ
ਹੀ ਹੁੰਦੀ ਰੀੜ੍ਹ ਦੀ ਹੱਡੀ, ਗਰਦਨ ਰੱਖ ਉਚੇਰੀ ਪੁੱਤਰਾ,
ਬਣ ਕੇ ਰਹਿ ਤੂੰ ਗੁਣੀ ਗਹੀਰਾ। ਗੁਰਭਜਨ ਗਿੱਲ


ਸੁਰ ਤੇ ਸ਼ਬਦ ਸੁਮੇਲ ਕਰੇ ਜਦ ਧਰਤੀ ਬੋਲਣ ਲਾ
ਸਕਦਾ ਹੈ। ਬਿਨਾ ਕਿਤਾਬਾਂ ਪੜ੍ਹੇ, ਪੜ੍ਹਾਏ, ਰਾਗ ਵੀ
ਸਬਕ ਸਿਖਾ ਸਕਦਾ ਹੈ। ਜ਼ਿੰਦਗੀ ਤਾਲੋਂ ਖੁੰਝੇ ਜਦ ਵੀ,
ਸ਼ੋਰ ਕਰੇ ਸਰਦਾਰੀ ਓਥੇ, ਗਲ਼ੀਆਂ ਵਿੱਚ ਦਰਵੇਸ਼
ਗਵੱਈਆ,ਰੂਹ ਦਾ ਸਾਜ਼ ਵਜਾ ਸਕਦਾ ਹੈ। ਗੁਰਭਜਨ
ਗਿੱਲ


ਕਿਹੜੇ ਰਾਹੀਂ ਪੈ ਗਈ ਜਿੰਦੇ, ਲੱਗਦਾ ਤੇਰੀ ਸੋਚ
ਭ੍ਰਿਸ਼ਟੀ। ਕਰਮਭੂਮ ਤੇਰੀ ਜੇ ਚਾਹੇਂ,ਬਣ ਸਕਦੀ ਹੈ ਕੁੱਲ
ਸ੍ਰਿਸ਼ਟੀ। ਆਪਣੇ ਤੀਕਰ ਸੀਮਤ ਹੋ ਕੇ ਬਹਿ ਨਾ ਲਾ
ਕੇ ਬਗਲ ਸਮਾਧੀ, ਸਗਲ ਦ੍ਰਿਸ਼ ਹੀ ਬਦਲ ਜਾਣ ਜੇ
ਬੰਦਾ ਬਦਲੇ ਆਪ ਦ੍ਰਿਸ਼ਟੀ। ਗੁਰਭਜਨ ਗਿੱਲ


ਜੇਕਰ ਮੰਡੀ ਵਿੱਚ ਨਹੀਂ ਵਿਕਦਾ, ਮੈਨੂੰ ਇਸ ਦੀ ਸ਼ਰਮ
ਨਹੀਂ ਹੈ। ਹਰ ਹੱਟੀ ਤੇ ਹਰ ਪਲ ਵਿਕਣਾ, ਇਹ ਬੰਦੇ ਦਾ
ਧਰਮ ਨਹੀਂ ਹੈ। ਮੇਰੇ ਇਸ਼ਟ ਸਿਖਾਇਆ ਮੈਨੂੰ, ਛਾਬੇ
ਅੰਦਰ ਨਹੀਂ ਤੂੰ ਬਹਿਣਾ, ਰੂਹ ਤੇ ਭਾਰ ਪੁਆ ਕੇ
ਜੀਣਾ,ਇਹ ਬੰਦੇ ਦਾ ਕਰਮ ਨਹੀਂ ਹੈ। ਗੁਰਭਜਨ ਗਿੱਲ


ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ
ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ
ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ
ਉਨ੍ਹਾਂ ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ
ਕਿਹੜਾ ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ


ਖੋਲ੍ਹ ਕਦੇ ਤਾਂ ਰੂਹ ਦੀ ਖਿੜਕੀ, ਵੇਖ ਲਵਾਂ ਕੀ ਅੰਦਰ
ਤੁਰਦਾ। ਸ਼ਾਇਦ ਮੁਰੰਮਤ ਹੋ ਜਾਵੇ ਉਹ ਜੋ ਕੁਝ ਅੰਦਰ
ਟੁੱਟਦਾ ਭੁਰਦਾ। ਬੰਦ ਰੱਖੋ ਜੇ ਬੂਹੇ ਬਾਰੀਆਂ, ਕੰਧਾਂ
ਵਿਚ ਤਰੇੜਾਂ ਪਾਟਣ, ਏਦਾਂ ਤਾਂ ਮਨ ਮਰ ਜਾਂਦਾ ਹੈ,
ਝੁਰਦਾ ਝੁਰਦਾ ਝੁਰਦਾ ਝੁਰਦਾ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਪੋਲੇ ਪੈਰੀਂ ਆ ਗਈ ਤੇਰੀ ਯਾਦ
ਸੁਲੱਖਣੀ। ਸ਼ਬਦ ਮੋਤੀਆਂ ਵਰਗੀ ਪੂੰਜੀ ਕਾਹਦੇ ਲਈ
ਮੈਂ ਸਾਂਭ ਕੇ ਰੱਖਣੀ। ਤੇਰਾ ਦਿੱਤਾ ਤੈਨੂੰ ਹੀ ਮੈਂ, ਕਿਣਕਾ
ਕਿਣਕਾ ਮੋੜ ਰਿਹਾ ਹਾਂ, ਤੂੰ ਨਾ ਮਿਲਦਾ, ਪੈ ਜਾਣੀ ਸੀ,
ਮੈਨੂੰ ਸਿੱਲ ਅਲੂਣੀ ਚੱਖਣੀ। ਗੁਰਭਜਨ ਗਿੱਲ


ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ
ਆਪਾਂ ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ
ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ
ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ।
ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ
ਹੈ। ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ
ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ,
ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ
ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ।
ਗੁਰਭਜਨ ਗਿੱਲ


ਮੋਰ ਪੰਖ ਸਮਝਾਇਆ ਮੈਨੂੰ, ਜ਼ਿੰਦਗੀ ਤਾਂ ਸਹਿਚਾਰ
ਦਾ ਨਾਂ ਹੈ। ਰੰਗਾਂ ਵਿੱਚ ਵਿਸਮਾਦ ਨਾਦ ਹੈ, ਇਹ ਹੀ
ਅਸਲ ਪਿਆਰ ਦੀ ਛਾਂ ਹੈ। ਡੰਡੀਆਂ ਸੁਰਖ਼ ਦੀਆਂ
ਨੂੰ,ਪਿਆਰ ਦਿਹਾੜੇ ਵੰਡਦੇ ਲੋਕੋ, ਟੁੱਟ ਨਾ
ਜਾਇਉ,ਅਸਲ ਬਗੀਚੀਉਂ ਜਿੱਥੇ ਵੱਸਦੀ ਧੀ ਤੇ ਮਾਂ ਹੈ।
ਗੁਰਭਜਨ ਗਿੱਲ



ਗਿਆਨਵਾਨ ਜਦ ਬੋਲਣ ਤਾਂ ਫਿਰ ਦਾਨਿਸ਼ਮੰਦ ਨੇ ਸੁਣਦੇ। ਖੋਟਾ ਖ਼ਰਾ ਪਛਾਨਣ ਨਾਲੇ ਪੜ੍ਹਿਆ ਸੁਣਿਆ ਪੁਣਦੇ। ਵਕਤ ਕੁਲਹਿਣਾ ਵੇਖੋ ਕੈਸਾ, ਸਾਡੇ ਸਾਹੀਂ ਰਲ਼ਿਆ, ਆਪਣਾ ਭਲਕ ਸੰਵਾਰਨ ਖ਼ਾਤਿਰ, ਭੁੱਲੀਏ ਮਸਲੇ ਹੁਣ ਦੇ। ਗੁਰਭਜਨ ਗਿੱਲ


ਦੂਰ ਪਹਾੜ ਦੇ ਪੈਰੀਂ ਖਿੜ ਪਏ, ਬਾਗ਼ ਮੁਹੱਬਤਾਂ ਵਾਲੇ।
ਸਾਡੇ ਰਾਹੀਂ ਮੇਖਾਂ ਗੱਡਦੇ, ਪੱਥਰ ਚਿੱਤ ਦੇ ਕਾਲ਼ੇ। ਪਾਪੀ
ਬੰਦੇ ਅੰਦਰੋਂ ਕੰਬਦੇ ਤਾਂਹੀਉਂ ਇਹ ਕੁਝ ਕਰਦੇ, ਕੁੱਲ
ਧਰਤੀ ਦੀਆਂ ਕੁੰਜੀਆਂ ਮੰਗਣ ਰਾਣੀ ਖ਼ਾਂ ਦੇ ਸਾਲੇ।
ਗੁਰਭਜਨ ਗਿੱਲ



ਅੱਜ ਤੂੰ ਯਾਦ ਕਰਾਇਆ ਮੈਨੂੰ, ਸੋਚ ਰਿਹਾ ਸਾਂ ਬੜੇ
ਚਿਰਾਂ ਤੋਂ। ਪੱਕੀਆਂ ਸੜਕਾਂ ਲੈ ਗਈਆਂ ਨੇ ਦੁੱਧ ਪੁੱਤ
ਵਰਗੇ ਸਾਕ ਗਿਰਾਂ ਤੋਂ। ਏਦਾਂ ਲੱਗਦੈ ਗੰਨੇ ਦੀ ਥਾਂ
ਚਰ੍ਹੀ ਦੇ ਟਾਂਡੇ ਚੂਪ ਰਿਹਾਂ ਹਾਂ, ਮਹਿਕ ਗੁਆਚੀ ਗੀਤਾਂ
ਵਿੱਚੋਂ, ਲਹਿ ਗਈ ਏ ਦਸਤਾਰ ਸਿਰਾਂ ਤੋਂ।

ਗੁਰਭਜਨ ਗਿੱਲ


ਸਾਂਭ ਲਿਆ ਕਰ ਕਿਣਕਾ ਕਿਣਕਾ, ਜੋ ਦੇਵੇ ਪਰਭਾਤ
ਸਵੇਰੇ। ਸੁਪਨੇ ਦਾ ਮੂੰਹ ਧੋਂਦੀਆਂ ਕਿਰਨਾਂ,ਤੇਰੇ ਰਾਹੋਂ
ਹੂੰਝਣ 'ਨੇਰ੍ਹੇ। ਇਸ ਦਾ ਸੁਣ ਸੰਦੇਸ਼ ਸੁਹਾਵਾ, ਕੁੱਲ
ਦੁਨੀਆਂ ਹੈ ਤੇਰੀ ਦੌਲਤ, ਇਸ ਨੂੰ ਹੋਰ ਵਧਾ ਸਕਦਾ ਹੈਂ,
ਬੀਜ ਨੇਕੀਆਂ ਚਾਰ ਚੁਫ਼ੇਰੇ। ਗੁਰਭਜਨ ਗਿੱਲ


ਮੈਂ ਫੁੱਲਾਂ ਨੂੰ ਬਹੁਤ ਕਿਹਾ ਹੈ,ਰੁੱਤ ਕੰਡਿਆਲੀ ਕਿਉਂ
ਖਿੜਦੇ ਹੋ? ਦੇਣ ਮੋੜਵਾਂ ਉੱਤਰ ਮੈਨੂੰ,ਹੱਕ ਲਈ ਤੁਸੀਂ
ਕਿਉਂ ਭਿੜਦੇ ਹੋ?ਰੁੱਤ ਬਸੰਤੀ ਸਾਡਾ ਮੌਸਮ, ਨਾ ਖਿੜਨਾ
ਹੈ ਜੜ੍ਹ ਨੂੰ ਮਿਹਣਾ, ਸੂਰਜ ਨੂੰ ਇਹ ਕਹਿ ਨਾ ਬੈਠੀਂ,ਦਿਨ
ਨਾ ਫਿਰਦੇ,ਕਿਉਂ ਗਿੜਦੇ ਹੋ? ਗੁਰਭਜਨ ਗਿੱਲ

# DMC&H Ludhiana

## Registration Card

*1918427*

**Mr. GURBHAJAN SINGH GILL**

**S/O HARNAM SINGH GILL**

**MRD No: 1918427**

**71 Y/M Reg Dt: 20/03/2025**



ਇੱਟਾਂ ਵੱਟਿਆਂ ਹੁਣ ਕੀ ਦੱਸਣੀ, ਰਾਤਾਂ ਵਾਲੀ ਦਰਦ ਕਹਾਣੀ। ਛਮ ਛਮ ਵੱਸਦਾ ਅੱਖੀਆਂ ਵਿੱਚੋਂ ਹੰਝੂਆਂ ਹਾਰ ਉਬਲਦਾ ਪਾਣੀ। ਬਸਤਾ ਕਲਮ ਦਵਾਤ ਜੋ ਰਹਿ ਗਏ, ਬੰਦ ਬੂਹਿਆਂ ਦੇ ਮਗਰ ਵਿਚਾਰੇ, ਕਿੱਦਾਂ ਲਿਖਦੇ, ਕਿਸਨੂੰ ਦੱਸਦੇ, ਰੂਹ ਦੀ ਕਸਕ ਕਿਸੇ ਨਾ ਜਾਣੀ।

ਗੁਰਭਜਨ ਗਿੱਲ


ਏਸ ਵਤਨ ਵਿੱਚ ਘਰ ਕਿੱਥੇ ਹੈ, ਖ਼ਾਲੀ
ਚਾਰਦੀਵਾਰੀਆਂ ਨੇ । ਲੱਭਦਿਆਂ ਇਹ ਉਮਰਾ ਬੀਤੀ,
ਤਾਂ ਹੀ ਅੱਖੀਆਂ ਭਾਰੀਆਂ ਨੇ । ਮੇਰੇ ਪੈਰੀਂ ਬਚਪਨ ਤੋਂ
ਹੀ, ਬੱਝ ਗਏ ਪਰਬਤ, ਦਿਸਦੇ ਨਹੀਂ, ਅਪਣੇ ਤੋਂ ਹੀ
ਅਪਣੇ ਤੀਕਰ, ਤਾਂਹੀਉਂ ਸਗਲ ਉਡਾਰੀਆਂ ਨੇ।
ਗੁਰਭਜਨ ਗਿੱਲ

[redacted]



[redacted]


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ
ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ
ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ,
ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ
ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ।
ਗੁਰਭਜਨ ਗਿੱਲ


ਇੱਕ ਪਾਸੇ ਕੰਜਕਾਂ ਨੂੰ ਪੂਜੋ, ਦੂਜੇ ਬੰਨੇ ਕੁਖ਼ ਵਿੱਚ ਮਾਰੋ।
ਨਸਲਘਾਤ ਕਰਵਾ ਬੈਠੋਂਗੇ, ਸਮਝੋ! ਸਮਝੋ!
ਬਰਖ਼ੁਰਦਾਰੋ। ਪੁੱਤਰ ਦਾਤ ਲਈ ਅਰਦਾਸਾਂ, ਜੋ ਜੰਮਹਿ
ਰਾਜਾਨ ਵੀ ਗਾਉ, ਇਹ ਦੋ ਅਮਲੀ ਕਦ ਛੱਡੋਗੇ, ਓ
ਧਰਮਾਂ ਦੇ ਪਹਿਰੇਦਾਰੋ। ਗੁਰਭਜਨ ਗਿੱਲ

5:20

You
30/06/25, 5:20 AM



ਚਾਨਣ ਕਣੀਆਂ ਆਹ ਫੜ ਸੂਰਜ, ਰੂਹ ਦੇ ਵਿੱਚ ਜਗਾ
ਲੈ ਤਾਰੇ। ਵੇਖੀਂ ਇਹ ਸਭ ਹੂੰਝ ਦੇਣਗੇ, ਤੇਰੇ ਮਨ ਦਾ
'ਨ੍ਹੇਰ ਪਿਆਰੇ। ਇਹ ਜਗਦੇ ਜੋ ਦੀਵੇ ਤੇਰੇ, ਮੱਥੇ ਅੰਦਰ
ਵਾਂਗ ਮਸ਼ਾਲਾਂ, ਵੇਖੀਂ ਕਿਤੇ ਬੁਝਾ ਨਾ ਦੇਵਣ, ਨੈਣਾਂ
ਵਿਚਲੇ ਹੰਝੂ ਖ਼ਾਰੇ। ਗੁਰਭਜਨ ਗਿੱਲ

Reply



ਕੱਸਿਆ ਕਮਾਨ ਵਿੱਚ ਜੇ ਕੋਈ, ਤੀਰ ਨਹੀਂ ਹੈ। ਸਮਝੀਂ ਨਾ ਮੇਰੀ ਕਲਮ ਇਹ, ਸ਼ਮਸ਼ੀਰ ਨਹੀਂ ਹੈ। ਇਹ ਰਾਜ ਤਖ਼ਤ, ਕਲਗੀਆਂ, ਪੌਣਾਂ ਦੇ ਵਾਂਗ ਨੇ, ਮਿਟਦੀ ਕਿਸੇ ਤੋਂ ਵਕਤ ਦੀ ਤਕਦੀਰ ਨਹੀਂ ਹੈ। ਗੁਰਭਜਨ ਗਿੱਲ



ਏਕਮ ਦੇ ਚੰਨ ਮੁੰਦਰੀ ਅੰਦਰ, ਜੇ ਮੈਨੂੰ ਜੜ ਦਏ
ਸੁਨਿਆਰਾ। ਸੱਚ ਪੁੱਛੋ ਤਾਂ ਹੋਰ ਜਨਮ ਦੀ ਨਾ ਰਹੇ ਮੈਨੂੰ
ਲੋੜ ਦੁਬਾਰਾ। ਦਿਲ ਦੀ ਜੂਹੇ ਫਿਰੇ ਉਦਾਸੀ ਤੇ
ਹਿਰਨੋਟੀਆਂ ਨੂਰੀ ਚਸ਼ਮਾਂ, ਚੁੱਪ ਦਾ ਗੁੰਬਦ ਚਾਰ
ਦੀਵਾਰੀ, ਅੰਦਰ ਦਰਦ ਸਮੁੰਦਰ ਖ਼ਾਰਾ।

ਗੁਰਭਜਨ ਗਿੱਲ



ਸੁਣਿਆ ਸੀ ਮੈਂ ਜ਼ਖ਼ਮ ਦਿਲਾਂ ਦੇ, ਨਾਲ ਮੁਹੱਬਤ ਭਰ
ਜਾਂਦੇ ਨੇ। ਇੱਕ ਮੁਸਕਾਨ ਮਿਲੇ ਤਾਂ, ਡੁੱਬਦੇ, ਪੱਥਰ-ਚਿੱਤ
ਵੀ ਤਰ ਜਾਂਦੇ ਨੇ। ਇੱਕ ਅੱਧ ਰਿਸ਼ਮ ਉਧਾਰੀ ਦੇ ਦੇ,
ਇਸ ਨੂੰ ਮੈਂ ਹਥਿਆਰ ਬਣਾਵਾਂ, ਕਾਲਖ਼ ਦੇ ਵਣਜਾਰੇ
ਨ੍ਹੇਰੇ, ਜੁਗਨੂੰ ਤੋਂ ਵੀ ਡਰ ਜਾਂਦੇ ਨੇ। ਗੁਰਭਜਨ ਗਿੱਲ


ਹੁਣੇ ਹੁਣੇ ਤੂੰ ਯਾਦ ਸੀ ਕੀਤਾ, ਪਹੁੰਚ ਗਿਆ ਹਾਂ। ਵੇਖ
ਜ਼ਰਾ ਮੈਂ ਤੇਰੇ ਦਿਲ ਵਿੱਚ, ਧੜਕ ਰਿਹਾ ਹਾਂ। ਬਣ ਗਈ
ਮੇਰੀ ਕਵਿਤਾ, ਹੁਣ ਤੂੰ ਰੂਪ ਬਦਲ ਕੇ, ਚਿਤਵਦਿਆਂ ਮੈਂ
ਧੁਰ ਅੰਦਰ ਤੱਕ, ਮਹਿਕ ਗਿਆ ਹਾਂ। ਗੁਰਭਜਨ ਗਿੱਲ




ਧੋ ਦੇ ਰੂਹ ਤੋਂ ਨਕਸ਼ ਉਦਾਸੇ, ਹੱਸਿਆ ਕਰ
ਮੁਸਕਾਇਆ ਕਰ ਤੂੰ। ਜ਼ਿੰਦਗੀ ਤਾਂ ਇੱਕ ਅਮਰ ਗੀਤ
ਹੈ, ਨਾ ਦਿਲ ਚਾਹੇ ਗਾਇਆ ਕਰ ਤੂੰ। ਜਿਹੜੀ ਦਸਤਕ
ਸੁਪਨੇ ਅੰਦਰ, ਵਾਰ ਵਾਰ ਖੜਕਾਵੇ ਬੂਹੇ, ਖੋਲ੍ਹ ਦਿਆ
ਕਰ ਮਨ ਦੇ ਜੰਦਰੇ, ਉਸ ਨੂੰ ਦਰਦ ਸੁਣਾਇਆ ਕਰ ਤੂੰ।
ਗੁਰਭਜਨ ਗਿੱਲ



ਪਹਿਲਾ ਬੋਲ ਸਮਰਪਿਤ ਮੇਰਾ, ਕੁੱਲ ਧਰਤੀ ਦੀਆਂ
ਮਾਵਾਂ ਨੂੰ। ਪਾਲ ਪੋਸ ਜਿਨ ਵੱਡਿਆਂ ਕੀਤਾ, ਨਿੱਕਿਆਂ
ਨਿੱਕਿਆਂ ਚਾਵਾਂ ਨੂੰ। ਧਰਮੀ ਬਾਬਲ ਜੁਗਤ
ਸਿਖਾਈ,ਚੜ੍ਹਦੇ ਪਾਣੀ ਤਰਨ ਲਈ, ਪਾਰ ਕਰਨ ਦੀ
ਤਾਕਤ ਬਖ਼ਸ਼ੀ, ਭਰ ਵਗਦੇ ਦਰਿਆਵਾਂ ਨੂੰ।
ਗੁਰਭਜਨ ਗਿੱਲ


ਵਾਤਾਵਰਣ ਵਿਗੜਦਾ ਜਾਵੇ, ਲਾ ਦੇਈਏ ਵਿਸ਼ਵਾਸ ਦਾ
ਬੂਟਾ । ਬਹੁਤ ਜ਼ਰੂਰੀ ਮਨ ਵਿੱਚ ਲਾਉਣਾ, ਖੇੜੇ ਵੰਡਦੀ
ਆਸ ਦਾ ਬੂਟਾ । ਮਨ ਪਰਦੇਸੀ ਘਰ ਨਹੀਂ ਮੁੜਿਆ,
ਡਗਮਗ ਡਗਮਗ ਡੋਲ ਰਿਹਾ ਹੈ, ਰੋਜ਼ ਦਿਹਾੜੀ ਫ਼ੈਲ
ਰਿਹਾ ਹੈ, ਅਜਬ ਜਹੇ ਬਨਵਾਸ ਦਾ ਬੂਟਾ। ਗੁਰਭਜਨ
ਗਿੱਲ



ਮਨ ਦੀ ਬਸਤੀ ਵੇਖਣ ਨੂੰ ਤਾਂ, ਉੱਸਰੀ ਹੈ, ਆਬਾਦ
ਨਹੀਂ । ਏਸੇ ਕਰਕੇ ਇਨਕਲਾਬ ਵੀ, ਓਨਾ ਜ਼ਿੰਦਾਬਾਦ
ਨਹੀਂ । ਬਾਗਾਂ ਵਾਲੇ ਬਾਗਬਾਨ ਸਭ, ਠੇਕੇਦਾਰ ਬਣਾ
ਸੁੱਟੇ, ਬਿਰਖ ਬਰੂਟੇ ਉੱਜੜ ਚੱਲੇ, ਮਾਲੀ ਨੂੰ ਕੁਝ ਯਾਦ
ਨਹੀਂ। ਗੁਰਭਜਨ ਗਿੱਲ



ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ, ਮੂੰਹ ਵਿਚ ਜਿਵੇਂ ਜ਼ਬਾਨ ਨਹੀਂ ਹੈ । ਇੰਜ ਕਿਉਂ ਲੱਗਦੈ, ਏਸ ਨਗਰ ਦੇ ਬਿਰਖ਼ਾਂ ਵਿੱਚ ਵੀ ਜਾਨ ਨਹੀਂ ਹੈ । ਪੈਰ ਪੈਰ ਤੇ ਬਹੁਤ ਖ਼ੁਦਾ ਨੇ, ਪੱਥਰਾਂ ਵਾਲੀ ਜੂਨ ਪਏ ਜੋ, ਬੜੀਆਂ ਭੀੜਾਂ ਚਾਰ ਚੁਫ਼ੇਰੇ, ਇੱਕ ਵੀ ਤਾਂ ਇਨਸਾਨ ਨਹੀਂ ਹੈ।

ਗੁਰਭਜਨ ਗਿੱਲ



ਇਸ ਤਰ੍ਹਾਂ ਕਿਉਂ ਜਾਪਦਾ,ਨੀਵਾਂ ਹੈ ਅੰਬਰ ਹੋ ਗਿਆ।
ਮਿਲਣ ਆਇਆ ਧਰਤ ਨੂੰ, ਮਿਲ ਕੇ ਬਰਾਬਰ ਹੋ ਗਿਆ । ਮਾਰ ਕੇ ਆਵਾਜ਼ ਮਗਰੋਂ, ਤੂੰ ਸੀ ਮੈਨੂੰ ਕੀ ਕਿਹਾ, ਯਾਦ ਨਹੀਂ ਪਰ ਵੇਖ ਲੈ ਇਹ ਦਿਲ ਤਾਂ ਕਾਫ਼ਰ ਹੋ ਗਿਆ।
ਗੁਰਭਜਨ ਗਿੱਲ



ਸੁੱਕਦੇ ਸੁੱਕਦੇ ਸੁੱਕ ਚੱਲੇ ਨੇ, ਯਾਰ ਮੇਰੇ ਦਰਿਆਵਾਂ
ਵਰਗੇ । ਧਰਤੀ ਮਾਂ ਦੇ ਸਿਦਕੀ ਬੂਟੇ, ਅੰਬਰ ਤੀਕ
ਸਦਾਵਾਂ ਵਰਗੇ । ਸ਼ਬਦ ਪਵਿੱਤਰ ਵਾਕ ਜਹੇ ਤੇ, ਰੂਹ
ਦੇ ਅੰਦਰੋਂ ਬਾਹਰੋਂ ਭੇਤੀ, ਬਿਨ ਬੋਲਣ ਤੋਂ ਜਾਨਣ ਵਾਲੇ,
ਬਹੁਤ ਮੁਕੱਦਸ* ਥਾਵਾਂ ਵਰਗੇ। ਗੁਰਭਜਨ ਗਿੱਲ


ਸਦੀਆਂ ਤੋਂ ਹੀ ਲੋਕ ਵਿਚਾਰੇ, ਮੁਕਤੀ ਖ਼ਾਤਰ ਸੋਚ ਰਹੇ
ਨੇ । ਚਤੁਰ ਸ਼ਿਕਾਰੀ ਰੀਝਾਂ ਸੁਪਨੇ, ਨਾਲੋ ਨਾਲ ਦਬੋਚ
ਰਹੇ ਨੇ । ਸਾਡੇ ਬੱਚਿਆਂ ਦੇ ਮੱਥਿਆਂ ਤੇ, ਖ਼ੁਰਚਣਗੇ
ਹੁਣ ਏ. ਬੀ. ਸੀ. ਡੀ., ਊੜੇ ਐੜੇ ਵਾਲੀ ਤਖ਼ਤੀ ਗੂੜ੍ਹ-
ਗਿਆਨੀ ਪੋਚ ਰਹੇ ਨੇ। ਗੁਰਭਜਨ ਗਿੱਲ



ਰਾਤੀਂ ਤੈਨੂੰ ਯਾਦ ਕਰਦਿਆਂ, ਵਾਹਵਾ ਲੜਿਆਂ ਤੇਰੇ ਨਾਲ । ਉਸ ਤੋਂ ਮਗਰੋਂ ਕੀ ਦੱਸਾਂ ਮੈਂ ਕੀ ਕੁਝ ਹੋਇਆ ਮੇਰੇ ਨਾਲ । ਸਿਰ ਸੂਹੀ ਫੂਲਕਾਰੀ ਲੈ ਕੇ, ਲੱਗਿਆ ਤੂੰ ਹੈਂ ਕੋਲ ਖੜ੍ਹੀ, ਭਰਮ ਛਲਾਵਾ ਕਿਉਂ ਇੰਜ ਕੀਤਾ, ਭੋਲ਼ੇ ਮਨ ਤੂੰ ਮੇਰੇ ਨਾਲ। ਗੁਰਭਜਨ ਗਿੱਲ


ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ
ਬੋਲਦਾ । ਵਕਤ ਹੁੰਗਾਰਾ ਭਰਦਾ ਆਪੇ, ਸੁਣ ਕੇ
ਮਹਿਰਮ ਯਾਰ ਬੋਲਦਾ । ਧਰਤ, ਆਕਾਸ਼, ਪਾਤਾਲ ਤੇ
ਚੌਥਾ ਕੁੱਲ ਸ੍ਰਿਸ਼ਟੀ ਰੌਣਕ-ਮੇਲਾ, ਸਗਲ ਬਨਸਪਤਿ
ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ।
ਗੁਰਭਜਨ ਗਿੱਲ

ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ।

ਗੁਰਭਜਨ ਗਿੱਲ



ਜ਼ਿੰਦਗੀ ਤੇਰੇ ਵਰਗੇ ਸੱਜਣ ਸਾਰੇ ਨਹੀਂ ਹੁੰਦੇ । ਕਰਦੇ ਜੋ
ਇਕਰਾਰ, ਕਦੇ ਉਹ ਲਾਰੇ ਨਹੀਂ ਹੁੰਦੇ । ਸੜਕਾਂ ਕੰਢੇ
ਪਲਦੇ ਬਾਲ ਝਲੂੰਗੀ ਅੰਦਰ ਜੋ, ਕਿਹੜਾ ਕਹਿੰਦੈ, ਮਾਂ
ਦੀ ਅੱਖ ਦੇ ਤਾਰੇ ਨਹੀਂ ਹੁੰਦੇ। ਗੁਰਭਜਨ ਗਿੱਲ


ਢੇਰੀ ਢਾਹ ਕੇ ਬਹਿ ਜਾਂਦਾ ਏਂ, ਏਸ ਤਰ੍ਹਾਂ ਨਾ ਕਰਿਆ
ਕਰ ਤੂੰ । ਮਰਨ-ਦਿਹਾੜਾ ਜੇਕਰ ਮਿਥਿਆ, ਜੀਂਦੇ
ਜੀਅ ਨਾ ਮਰਿਆ ਕਰ ਤੂੰ । ਆਪੇ ਕਹਿੰਦੈਂ, ਚਾਰ
ਦਿਹਾੜੇ, ਇਹ ਜ਼ਿੰਦਗਾਨੀ, ਭਰਮ ਬੁਲਬੁਲਾ, ਕੂੜ,
ਕੁਫ਼ਰ ਜੇ ਮਿਲਖ਼ ਜਾਗੀਰਾਂ, ਨਾ ਝੋਲ਼ੀ ਵਿੱਚ ਭਰਿਆ
ਕਰ ਤੂੰ। ਗੁਰਭਜਨ ਗਿੱਲ



ਬਿਨ ਮਿਲਿਆਂ ਤੂੰ ਮੇਰੇ ਦਿਲ ਦੀ, ਬਾਤ ਕਿਸ ਤਰ੍ਹਾਂ
ਕਹਿ ਜਾਂਦਾ ਏਂ? ਰੂਹ ਦੇ ਧੁਰ ਅੰਦਰ ਬਿਨ ਪੌੜੀ, ਦੱਸੀਂ
ਕਿੱਸਰਾਂ ਲਹਿ ਜਾਂਦਾ ਏਂ? ਸੁਪਨੇ ਅੰਦਰ ਦਸਤਕ ਦੇ ਕੇ,
ਉਹਨੀਂ ਪੈਰੀਂ ਮੁੜ ਹੈਂ ਜਾਂਦਾ, ਓਸੇ ਨਾਲ ਗੁਫ਼ਤਗੂ ਮੇਰੀ,
ਜਿੰਨਾ ਪਿੱਛੇ ਰਹਿ ਜਾਂਦਾ ਏਂ। ਗੁਰਭਜਨ ਗਿੱਲ



ਕੀਹਦੀ ਏ ਮਜਾਲ ਸਾਨੂੰ ਡੱਬੀ ਵਿੱਚ ਪਾ ਲਵੇ । ਮਹਿਕ ਦਾ ਵਜੂਦ, ਭਾਵੇਂ ਸਾਹਾਂ ਵਿੱਚ ਸਾਹ ਲਵੇ । ਏਨੀ ਗੱਲ ਸਾਫ਼, ਮੈਂ ਨਹੀਂ ਕੱਪੜਾ, ਵਜੂਦ ਹਾਂ, ਜਦੋਂ ਦਿਲ ਕਰੇ ਮੈਨੂੰ ਪਾ ਲਵੇ ਤੇ ਲਾਹ ਲਵੇ। ਗੁਰਭਜਨ ਗਿੱਲ




ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ ਅਡੋਲ ਰਹੇ। ਅਕਲ ਦੀ ਸੰਗਲੀ, ਫੜ ਲੈ ਘੁੱਟਕੇ, ਖਿਸਕੇ ਨਾ ਇਹ ਕੋਲ ਰਹੇ। ਹਰ ਮੰਜ਼ਿਲ ਹੀ ਖ਼ੁਦ ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ, ਪਰਪੱਕ ਨਿਸ਼ਚਾ ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ।

ਗੁਰਭਜਨ ਗਿੱਲ



ਪਲਕਾਂ ਉਹਲੇ ਲੁਕਿਆ ਸੂਰਜ, ਚੜ੍ਹਦਾ ਤਾਂ ਪਰਭਾਤ ਵੇਖਦੇ। ਚੁੱਪ ਦੀ 'ਨ੍ਹੇਰ ਗੁਫ਼ਾ ਵਿੱਚ ਰਹਿੰਦੇ ਮਰ ਚੱਲੇ ਹਾਂ ਰਾਤ ਵੇਖਦੇ। ਨੀਵੀਂ ਨਜ਼ਰ ਕਰੇਂ, ਨਾ ਬੋਲੇਂ, ਹੋਠੀਂ ਜੰਦਰੇ ਲਾ ਨਾ ਭਲੀਏ, ਦੋ ਹਿਰਨੋਟੇ ਨੈਣ ਤੇਰੇ ਕਿਉਂ ਨਾ ਮੇਰੇ ਜਜ਼ਬਾਤ ਵੇਖਦੇ। ਗੁਰਭਜਨ ਗਿੱਲ


ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ ਬਣਨਾ
। ਤੁਸੀਂ ਰਾਹਾਂ 'ਚ ਛਾਂ ਬਣਨਾ, ਕਦੇ ਦੀਵਾਰ ਨਹੀਂ
ਬਣਨਾ । ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ 'ਚ
ਘੁਲ ਮਿਲ ਕੇ, ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ ਭਾਰ
ਨਹੀਂ ਬਣਨਾ। ਗੁਰਭਜਨ ਗਿੱਲ


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ
ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ
ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ,
ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ
ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ।
ਗੁਰਭਜਨ ਗਿੱਲ



ਦਰਦਾਂ ਦੇ ਦਰਿਆ ਵਿੱਚ ਮੈਨੂੰ ਜੇ ਨਾ ਦੇਂਦੇ ਸ਼ਬਦ ਸਹਾਰਾ। ਰੁੜ੍ਹ ਜਾਣਾ ਸੀ ਲਹਿੰਦੇ ਬੰਨੇ, ਬਚਿਆ ਹਾਂ ਸੁਣ ਕੇ ਲਲਕਾਰਾ। ਫ਼ਤਿਹ ਨਸੀਬ ਉਨ੍ਹਾਂ ਨੂੰ ਹੋਵੇ ਹਾਸ਼ਮ ਸ਼ਾਹ ਦੇ ਕਹਿਣ ਮੁਤਾਬਕ, ਹਿੰਮਤ ਯਾਰ ਬਣਾਉਂਦੇ ਜਿਹੜੇ, ਮੰਗਦੇ ਨਾ ਉਹ ਤਾਣ ਉਧਾਰਾ।

ਗੁਰਭਜਨ ਗਿੱਲ



ਧਰਤੀ ਦੇ ਸਿਰ ਸੁਰਮੇ ਰੰਗੀ ਚੁੰਨੀ ਅੰਬਰ ਤਾਣ ਗਿਆ ਹੈ। ਇਸ ਦੇ ਸਿਰ ਤੇ ਸਾਈਂ ਮੈਂ ਹਾਂ, ਜ਼ੁੰਮੇਵਾਰੀ ਜਾਣ ਗਿਆ ਹੈ। ਰਹਿਣ ਸਲਾਮਤ ਧੀਆਂ ਪੁੱਤਰ, ਤਪਦੀ ਧਰਤੀ ਰਹਿਮਤ ਬਰਸੇ, ਤਿੱਤਰ ਖੰਭੀ ਬੱਦਲੀ ਘੱਲ ਕੇ,ਆਪਣਾ ਫ਼ਰਜ਼ ਪਛਾਣ ਗਿਆ ਹੈ। ਗੁਰਭਜਨ ਗਿੱਲ



ਪੁੱਤਰ ਸ਼ਕਤੀ ਘਰ ਦੀ ਹੁੰਦੇ,ਧੀਆਂ ਤਾਂ ਸੱਚਮੁੱਚ ਨੇ ਗਹਿਣਾ। ਧਰਤੀ ਜੇਡਾ ਜਿਗਰਾ ਰੱਖਣ, ਸਬਰ ਸਿਦਕ ਵਿੱਚ ਹਰ ਪਲ ਰਹਿਣਾ। ਮਿੱਠੀ ਜਹੀ ਗੁਲਕੰਦ ਨੀ ਧੀਏ, ਤੈਨੂੰ ਸੋਹਣੇ ਰੱਬ ਦੀਆਂ ਰੱਖਾਂ, ਰਹਿਮਤਾਂ ਨਾਲ ਭਰੇਂ ਤੂੰ ਝੋਲੀ, ਦਾਦਾ ਦਾਦੀ ਸਭ ਦਾ ਕਹਿਣਾ।

ਗੁਰਭਜਨ ਗਿੱਲ


ਸ਼ਬਦ ਗੁਰੂ ਦੀ ਸ਼ਕਤੀ ਤਿੰਨੇ,ਸੇਵਾ ਸਿਮਰਨ ਅਤੇ
ਸ਼ਹਾਦਤ। ਦਮ ਦਮ,ਪਲ ਪਲ,ਅੰਗ ਸੰਗ ਰੱਖਣਾ,
ਸ਼ਬਦ ਸਾਧਨਾ ਪਾਉ ਆਦਤ। ਕਰਮਭੂਮ ਵਿੱਚ ਜੇ ਨਾ
ਅੱਪੜੇ, ਜਨਮ ਅਕਾਰਥ ਰਹਿ ਜਾਵੇਗਾ, ਬਗਲ
ਸਮਾਧੀ ਲਾਉਣ ਸ਼ਿਕਾਰੀ, ਜਗਤ ਦਿਖਾਵਾ, ਕਹਿਣ
ਇਬਾਦਤ। ਗੁਰਭਜਨ ਗਿੱਲ



ਰਾਤੀਂ ਸੁੱਤਿਆਂ ਸੁਪਨਾ ਆਇਆ,ਦਿਨ ਚੜ੍ਹਿਆਂ ਤੇ ਚੇਤੇ ਆਇਆ। ਬਹੁਤ ਪਛਾਣੀ ‘ਵਾਜ਼ ਸੀ ਕੋਈ, ਜਿਸ ਨੇ ਮੈਨੂੰ ਛੂਣ ਜਗਾਇਆ। ਸੁੱਤਿਆਂ ਸੁੱਤਿਆਂ ਰਾਤ ਨਾ ਮੁੱਕੇ, ਜਾਗ ਪਉ, ਪੁੱਤ ਜਾਗਣ ਵੇਲਾ, ਇੰਜ ਲੱਗਿਆ, ਮਾਂ ਆਖ ਰਹੀ ਹੈ, ਗੋਡੇ ਗੋਡੇ ਦਿਨ ਚੜ੍ਹ ਆਇਆ।

ਗੁਰਭਜਨ ਗਿੱਲ

ਰਾਤ ਦੀ ਲੋਈ ਪਾਟ ਗਈ ਹੈ, ਸੂਹਾ ਸੁਰਖ਼ ਸਵੇਰਾ
ਚੜ੍ਹਿਆ। ਨੇਤਰ ਖੋਲ੍ਹ ਹਕੀਕਤ ਵੇਖੋ, ਵਕਤ ਫਰੇਮ ਚ
ਕੀ ਕੁਝ ਮੜ੍ਹਿਆ। ਕੁੱਲ ਧਰਤੀ ਦੀ ਹੋਣੀ ਇੱਕੋ, ਉੱਤਰ
ਦੱਖਣ , ਪੂਰਬ ਪੱਛਮ, ਫਿਰ ਪਛਤਾਇਆਂ ਕੁਝ ਨਾ
ਬਣਨਾ,ਸਬਕ ਦੀਵਾਰੋਂ ਜੇ ਨਾ ਪੜ੍ਹਿਆ।

ਗੁਰਭਜਨ ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ
ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ
ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ।
ਗੁਰਭਜਨ ਗਿੱਲ


ਕਰਾਮਾਤ ਨਹੀਂ, ਹੋ ਸਕਦਾ ਹੈ, ਕੌਂਪਲ ਫੁੱਟ ਪਏ ਲਾਵੇ
'ਚੋਂ। ਪਿੱਲੀਆਂ ਇੱਟਾਂ ਨਿਕਲ ਸਕਦੀਆਂ ਭਖ਼ਦੇ
ਅਗਨੀ ਆਵੇ 'ਚੋਂ। ਦੂਰ ਦ੍ਰਿਸ਼ਟੀ ਵਾਲੇ ਸੱਜਣ ਵੇਖਣ
ਸਮਿਉਂ ਪਹਿਲਾਂ ਵੇਖਣ ਇਹ, ਸੂਹਾ ਫੁੱਲ ਵੀ ਖਿੜ
ਸਕਦਾ ਹੈ, ਨਿੱਕੜੇ ਬੂਟੇ ਸਾਵੇ 'ਚੋਂ। ਗੁਰਭਜਨ ਗਿੱਲ




ਲੋਕਤੰਤਰਾ ਕਿੱਥੇ ਲੁਕਿਆ, ਦਿੱਲੀ ਹੁਣ ਦਰਬਾਰ ਨਹੀਂ
ਹੈ। ਮੈ ਪਰਜਾ ਨਾ ਰਾਜਾ ਹੁਣ ਤੂੰ , ਮੁਗਲਾਂ ਦੀ ਸਰਕਾਰ
ਨਹੀਂ ਹੈ। ਜਨਪਥ ਅੰਦਰ ਵਰਜਿਤ ਜਨ ਹੈ, ਗਣ ਬਿਨ
ਦੱਸ ਗਣਤੰਤਰ ਕਾਹਦਾ, ਹਿੱਕ ਤੇ ਹੱਥ ਧਰੀਂ ਫਿਰ
ਦੱਸੀਂ, ਕੀ ਇਹ ਅੱਤਿਆਚਾਰ ਨਹੀਂ ਹੈ।

ਗੁਰਭਜਨ ਗਿੱਲ


ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ। ਪਰ
ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ, ਅਸੀਂ
ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ


ਸਦੀਆਂ ਤੋਂ ਹੀ ਵੇਖ ਰਹੇ ਹਾਂ ਬਦਨੀਤਾਂ ਦਾ ਮੂੰਹ ਸਿਰ
ਕਾਲ਼ਾ। ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ, ਓਹਲੇ
ਵਿੱਚ ਹੀ ਘਾਲ਼ਾ ਮਾਲ਼ਾ। ਥੈਲੀਸ਼ਾਹ ਦੀ ਕਰਨ
ਦਲਾਲੀ, ਮੀਸਣੀਆਂ ਮੁਸਕਾਨਾਂ ਵਾਲੇ, ਮਣਕਾ ਮਣਕਾ
ਕਰ ਸੁੱਟਦੇ ਨੇ,ਮੁਸ਼ਕਲ ਨਾਲ ਪਰੋਈ ਮਾਲ਼ਾ।
ਗੁਰਭਜਨ ਗਿੱਲ



ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ
ਹੋਵੇ। ਨਿਸ਼ਚਾ, ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ
ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ,
ਐਸੇ ਰਾਹੀ ਦਾ ਰਾਹ ਰੋਕੇ, ਪਰਬਤ ਦੀ ਚੋਟੀ ਤੋਂ
ਵੇਖਿਉ, ਆਪੇ ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ



ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ
ਜਾਂਦੀ ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ
ਲਾ ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ
ਉਹ ਪਲ ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ,
ਯਾਦ ਤੇਰੀ ਤਾਂ ਆ ਜਾਂਦੀ ਹੈ। ਗੁਰਭਜਨ ਗਿੱਲ


ਅਸੀਂ ਤੇ ਯਾਰੋ ਓਸ ਗੁਰੂ ਦੇ ਜਨਮ ਜ਼ਾਤ ਹਾਂ ਚੇਲੇ। ਜਿਸ
ਨੇ ਦੱਸਿਆ ਧਨ ਤੇ ਦੌਲਤ ਸਿਰਫ਼ ਮਿੱਟੀ ਦੇ ਢੇਲੇ।
ਅਸਲੀ ਦੌਲਤ ਪਿਆਰ ਮੁਹੱਬਤ ਦਰਦ ਕਿਸੇ ਦਾ ਜਾਣੇ,
ਪੈਰੀਂ ਹੱਥ ਕਦੇ ਨਾ ਲਾਈਏ, ਦਿਲ ਮਿਲਿਆਂ ਦੇ ਮੇਲੇ।
ਗੁਰਭਜਨ ਗਿੱਲ


ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੁਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ
ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ
ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ
Good Morning



ਖ਼ਤ ਲਿਖਿਆ ਤੂੰ, ਪੜ੍ਹਿਆ ਮੈਂ ਵੀ ਹਿੰਮਤ ਕਰਕੇ। ਕਿੱਦਾਂ
ਦੱਸਾਂ, ਬੀਤ ਰਹੀ ਹਟਕੋਰੇ ਭਰ ਕੇ। ਜਿੱਥੇ ਲਿਖਣੀ ਛੱਡ
ਗਿਆ ਸੀ, ਪਾਟੀ ਚਿੱਠੀ, ਉਸ ਤੋਂ ਅੱਗੇ ਸਾਰੇ ਹੀ ਨੇ
ਕੋਰੇ ਵਰਕੇ। ਗੁਰਭਜਨ ਗਿੱਲ


Good Morning
ਸਮਝ ਲਿਆ ਕਰ ਖੁਸ਼ਬੂ ਜਹੀਏ, ਹਰ ਰਿਸ਼ਤੇ ਦਾ ਨਾਂ
ਨਹੀਂ ਹੁੰਦਾ। ਯਾਦ ਕਰਨ ਤੇ ਮਿਲ ਜਾਈਏ ਜਦ, ਇੱਕ
ਵੀ ਕਦਮ ਅਗਾਂਹ ਨਹੀਂ ਹੁੰਦਾ। ਧਰਤੀ ਸੂਰਜ ਰੋਜ਼
ਮਿਲਣ ਪਰ ਇਹ ਕੀ ਲੇਖ ਲਿਖਾਏ ਦੋਹਾਂ, ਮੁਲਾਕਾਤ
ਲਈ ਅਜ਼ਲਾਂ ਤੋਂ ਹੀ ਕੋਈ ਵੀ ਨਿਸ਼ਚਤ ਥਾਂ ਨਹੀਂ ਹੁੰਦਾ।
ਗੁਰਭਜਨ ਗਿੱਲ


ਕਿੰਨੇ ਫੁੱਲ ਜ਼ਮੀਨ ਤੇ ਕਿਰ ਗਏ, ਬਿਰਖ਼ ਕਦੇ
ਪਛਤਾਉਂਦਾ ਨਹੀਂਓਂ। ਮਾਂ ਦੇ ਕੋਲੋਂ ਲੈਂਦਾ ਦੇਂਦਾ,ਤਾਂ ਹੀ ਤਾਂ
ਘਬਰਾਉਂਦਾ ਨਹੀਂਓਂ। ਹਰ ਮੌਸਮ ਵਿੱਚ ਨਵੇਂ ਸ਼ਗੂਫ਼ੇ,
ਪੱਤਰ, ਫੁੱਲ , ਫ਼ਲਾਂ ਦੇ ਗੁੱਛੇ, ਸਰਲ ਸਬਕ ਕਿਓਂ ਤੈਨੂੰ
ਮੈਨੂੰ, ਸਮਝ ਕਦੇ ਵੀ ਆਉਂਦਾ ਨਹੀਂਓਂ। ਗੁਰਭਜਨ
ਗਿੱਲ


ਕਿਉਂ ਮਾਸੂਮ ਤਿਤਲੀਆਂ ਮਾਰੇਂ ਰੱਖ ਕੇ ਰੂਹ ਤੇ
ਪਹਿਰੇਦਾਰੀ। ਦਿਲ ਦੀ ਸੁਣਨਾ, ਦਿਲ ਨੂੰ ਕਹਿਣਾ ਮੈਂ
ਤਾਂ ਸਮਝਾਂ ਜ਼ਿੰਮੇਵਾਰੀ। ਹੁਣ ਏਦਾਂ ਮਹਿਸੂਸ ਕਰ
ਰਿਹਾਂ,ਐਵੇਂ ਚਿੱਠੀਆਂ ਪਾਈ ਜਾਵਾਂ, ਅੰਦਰੋਂ ਬਾਹਰੋਂ
ਜਿਸ ਘਰ ਜੰਦਰੇ, ਓਥੇ ਮੈਂ ਘੰਟੀ ਕਿਉਂ ਮਾਰੀ।
ਗੁਰਭਜਨ ਗਿੱਲ


ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ



ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ
ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ
ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ
ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ,
ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ
ਏਨੀ ਗੱਲ ਸਮਝੋ ਚੰਨੋ। ਗੁਰਭਜਨ ਗਿੱਲ


ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ
ਜਾਂਦੀ ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ
ਲਾ ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ
ਉਹ ਪਲ ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ,
ਯਾਦ ਤੇਰੀ ਤਾਂ ਆ ਜਾਂਦੀ ਹੈ। ਗੁਰਭਜਨ ਗਿੱਲ




ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ
ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ
ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ
ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ
ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ।
ਗੁਰਭਜਨ ਗਿੱਲ


ਜ਼ਿੰਦਗੀ ਦੇ ਅਰਥਾਂ ਦਾ ਲੇਖਾ, ਹੋਰ ਕਿਸੇ ਤੇਂ ਕਿਉਂ
ਕਰਵਾਉ। ਹਿੰਮਤ ਕਰਕੇ ਮੀਤ ਪਿਆਰੇ ਆਪੇ ਆਪਣੇ
ਨੇੜੇ ਆਉ। ਇੱਕ ਇੱਕ ਕਦਮ ਹਿਸਾਬ ਦਏਗਾ, ਕੀ
ਖੱਟਿਆ ਤੇ ਕਿਵੇਂ ਗਵਾਚਾ, ਆਪਣੀ ਕੁੱਲ ਹਯਾਤੀ
ਏਦਾਂ ਵਰਕਾ ਵਰਕਾ ਪੜ੍ਹਦੇ ਜਾਉ। ਗੁਰਭਜਨ ਗਿੱਲ



ਮਨ ਦੇ ਟਿੱਲੇ ਸੁਪਨੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ ਨੇ। ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ ਸੁਣਾ ਜਾਂਦੇ ਨੇ। ਦਿਲ ਦਿਲਗੀਰ ਨੂੰ ਢਾਰਸ ਮਿਲਦੀ ਰੂਹ ਦੀਆਂ ਤਾਰਾਂ ਸੁਰ ਹੋ ਜਾਵਣ, ਤਾਰਿਆਂ ਵੇਲੇ ਚੰਨ ਤੇ ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।

ਗੁਰਭਜਨ ਗਿੱਲ


ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ
ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ
ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।
ਗੁਰਭਜਨ ਗਿੱਲ


ਪੱਤ ਝੜਿਆਂ ਤੇ ਬਿਰਖ਼ ਬੂਟੇ ਬੰਦਿਆਂ ਵਾਂਗੂੰ ਦਿਲ
ਨਹੀਂ ਛੱਡਦੇ। ਉਹ ਤਾਂ ਵਿਆਜ ਧਰਤ ਨੂੰ ਮੋੜਨ ਬੀਤ
ਗਏ ਦਾ ਫਾਹਾ ਵੱਢਦੇ। ਨੰਗੇ ਟਾਹਣ ਕਦੇ ਨਾ ਵੇਖੇ
ਬੀਤ ਗਏ ਦਾ ਰੁਦਨ ਕਰਦਿਆਂ, ਉਹ ਤਾਂ ਰੁੱਤ ਬਸੰਤੀ
ਆਉਂਦੇ ਲਗਰਾਂ ਪੱਤੇ ਸੱਜਰੇ ਕੱਢਦੇ। ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ
ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ
ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ,
ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ
ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ। ਗੁਰਭਜਨ
ਗਿੱਲ


ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਵੇਖੋ ਜੇਕਰ ਖੋਲ੍ਹ ਕੇ
ਅੱਖੀਆਂ। ਮਹਿਲਾਂ ਨਾਲ ਗੁਆਂਢੀ ਝੁੱਗੀਆਂ,ਝੱਲਣ
ਜੋ ਦਿਨ ਰਾਤੀਂ ਪੱਖੀਆਂ। ਤਿਤਲੀ ਭੰਵਰੇ ਫੁੱਲ ਨੂੰ
ਚੁੰਮਦੇ, ਲੱਭਦੀਆਂ ਗੰਦਗੀ ਨੂੰ ਮੱਖੀਆਂ। ਇਹ ਸਾਡੇ ਤੇ
ਨਿਰਭਰ ਮਿੱਤਰੋ, ਨਜ਼ਰਾਂ ਕਿਹੜੀ ਥਾਂ ਤੇ ਰੱਖੀਆਂ।
ਗੁਰਭਜਨ ਗਿੱਲ




ਜੜ੍ਹਾਂ ਸਲਾਮਤ ਨੇ ਜਦ ਤੀਕਰ, ਖਿੜਨੋਂ ਕੌਣ ਹਟਾ
ਸਕਦਾ ਹੈ? ਆਜੜੀਆਂ ਦਾ ਵੱਗ ਤਾਂ ਸਾਡੇ, ਤਨ ਤੋਂ
ਪੱਤੇ ਖਾ ਸਕਦਾ ਹੈ। ਬੋਟੀ ਦੇ ਲਾਲਚ ਦੇ ਪਿੱਛੇ, ਹਿਰਨਾਂ
ਮਗਰ ਸ਼ਿਕਾਰੀ ਪੈ ਗਏ, ਇੱਕ ਨੇ ਜਾਨ ਬਚਾਉਣੀ,
ਦੂਜਾ ਨੋਚ ਨੋਚ ਕੇ ਖਾ ਸਕਦਾ ਹੈ। ਗੁਰਭਜਨ ਗਿੱਲ



ਇਸ ਧਰਤੀ ਤੇ ਜਦ ਤੱਕ ਧੀਆਂ, ਦਹਿਸ਼ਤ ਦੇ
ਪਰਛਾਵਿਆਂ ਥੱਲੇ। ਇਨ੍ਹਾਂ ਅੱਗੇ ਹੁਣ ਤੀਕਰ ਤਾਂ ਸਾਰੇ
ਰਾਹ ਬਘਿਆੜਾਂ ਮੱਲੇ। ਇਨ੍ਹਾਂ ਖ਼ਾਤਰ ਵਤਨ ਅਜੇ
ਵੀ , ਜੰਗਲ ਦਾ ਹੀ ਦੂਜਾ ਨਾਂ ਹੈ, ਜਿੰਨਾ ਮਰਜ਼ੀ ਢੋਲ
ਵਜਾ ਕੇ, ਕਰ ਲਉ ਆਪਣੀ ਬੱਲੇ ਬੱਲੇ। ਗੁਰਭਜਨ
ਗਿੱਲ


ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ
ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ
ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ
ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ
ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ।
ਗੁਰਭਜਨ ਗਿੱਲ


ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ
ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ
ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ
ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ
ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ। ਗੁਰਭਜਨ ਗਿੱਲ
GOOD MORNING


ਫ਼ਾਸਲਿਆਂ ਨੇ ਖਾ ਜਾਣਾ ਹੈ,ਆ ਜਾ ਆਪਣੇ ਕੋਲ
ਖਲੋਈਏ। ਕਰਕੇ ਸੁਰਤ ਇਕਾਗਰ ਖ਼ੁਦ ਨੂੰ ਨਵੇਂ ਸਿਰੇ
ਤੋਂ ਮੁੜ ਕੇ ਗੋਈਏ। ਜਿਹੜੇ ਬਹੁਤੀਆਂ ਜੱਫੀਆਂ
ਪਾਉਂਦੇ, ਸਾਵਧਾਨ ਜੀ ਬਚ ਕੇ ਰਹਿਣਾ, ਰਿਸ਼ਤਿਆਂ ਦੀ
ਸੰਵੇਦਨ ਸ਼ਕਤੀ, ਲੱਭੀਏ ਸਾਹਾਂ ਵਿੱਚ ਪਰੋਈਏ।
ਗੁਰਭਜਨ ਗਿੱਲ



ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ
ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ
ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ
ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ
ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ। ਗੁਰਭਜਨ ਗਿੱਲ



ਨੀਮ ਗੁਲਾਬੀ ਹੋਠਾਂ ਉੱਤੋਂ, ਚੁੱਪ ਦੇ ਜੰਦਰੇ ਖੋਲ੍ਹ ਦਿਆ ਕਰ । ਦਿਲ ਦੀ ਧੜਕਣ ਜੋ ਕਹਿੰਦੀ ਏ, ਝਿਜਕ ਬਿਨਾ ਤੂੰ ਬੋਲ ਦਿਆ ਕਰ । ਪਲਕਾਂ◌ੰ ਅੰਦਰ ਹੰਝੂ ਵੇਖੀਂ, ਪੱਥਰ ਨਾ ਹੋ ਜਾਵਣ ਕਿਧਰੇ, ਬਰਸਣ ਗ਼ਮ ਦੇ ਬੱਦਲ ਜਦ ਵੀ, ਅੱਖੀਆਂ ਥਾਣੀਂ ਡੋਲ੍ਹ ਦਿਆ ਕਰ।

ਗੁਰਭਜਨ ਗਿੱਲ

[redacted]



[redacted]


ਧੀ ਪੁੱਤ ਪਾਲਣ, ਸਦਾ ਸੰਭਾਲਣ, ਜੇਕਰ ਉਸਦੀ ਆਸ
ਦਾ ਬੂਟਾ। ਧਰਤੀ ਮਾਂ ਵੀ ਸਦਾ ਸੰਭਾਲੇ, ਅਣਖ਼ੀਲੇ
ਇਤਿਹਾਸ ਦਾ ਬੂਟਾ। ਹੋਰ ਜਗ੍ਹਾ ਜ਼ਰਖੇਜ਼ ਨਾ ਕੋਈ,
ਜਿੱਥੇ ਹੈ ਇਹ ਜੜ੍ਹ ਲਾ ਸਕਦਾ, ਦਿਲ ਦੀ ਮਿੱਟੀ ਵੱਤਰ
ਕਰ ਲਓ, ਜੇ ਲਾਉਣਾ ਵਿਸ਼ਵਾਸ ਦਾ ਬੂਟਾ।
ਗੁਰਭਜਨ ਗਿੱਲ


ਇੱਕ ਪਾਸੇ ਕੰਜਕਾਂ ਨੂੰ ਪੂਜੋ, ਦੂਜੇ ਬੰਨੇ ਕੁਖ਼ ਵਿੱਚ ਮਾਰੋ।
ਨਸਲਘਾਤ ਕਰਵਾ ਬੈਠੋਂਗੇ, ਸਮਝੋ! ਸਮਝੋ!
ਬਰਖ਼ੁਰਦਾਰੋ। ਪੁੱਤਰ ਦਾਤ ਲਈ ਅਰਦਾਸਾਂ, ਜੋ ਜੰਮਹਿ
ਰਾਜਾਨ ਵੀ ਗਾਉ, ਇਹ ਦੋ ਅਮਲੀ ਕਦ ਛੱਡੋਗੇ, ਓ
ਧਰਮਾਂ ਦੇ ਪਹਿਰੇਦਾਰੋ। ਗੁਰਭਜਨ ਗਿੱਲ

5:20

You

30/06/25, 5:20 AM



ਚਾਨਣ ਕਣੀਆਂ ਆਹ ਫੜ ਸੂਰਜ, ਰੂਹ ਦੇ ਵਿੱਚ ਜਗਾ ਲੈ ਤਾਰੇ। ਵੇਖੀਂ ਇਹ ਸਭ ਹੂੰਝ ਦੇਣਗੇ, ਤੇਰੇ ਮਨ ਦਾ 'ਨ੍ਹੇਰ ਪਿਆਰੇ। ਇਹ ਜਗਦੇ ਜੋ ਦੀਵੇ ਤੇਰੇ, ਮੱਥੇ ਅੰਦਰ ਵਾਂਗ ਮਸ਼ਾਲਾਂ, ਵੇਖੀਂ ਕਿਤੇ ਬੁਝਾ ਨਾ ਦੇਵਣ, ਨੈਣਾਂ ਵਿਚਲੇ ਹੰਝੂ ਖ਼ਾਰੇ। ਗੁਰਭਜਨ ਗਿੱਲ

Reply




ਕੱਸਿਆ ਕਮਾਨ ਵਿੱਚ ਜੇ ਕੋਈ, ਤੀਰ ਨਹੀਂ ਹੈ। ਸਮਝੀਂ
ਨਾ ਮੇਰੀ ਕਲਮ ਇਹ, ਸ਼ਮਸ਼ੀਰ ਨਹੀਂ ਹੈ। ਇਹ ਰਾਜ
ਤਖ਼ਤ, ਕਲਗੀਆਂ, ਪੌਣਾਂ ਦੇ ਵਾਂਗ ਨੇ, ਮਿਟਦੀ ਕਿਸੇ ਤੋਂ
ਵਕਤ ਦੀ ਤਕਦੀਰ ਨਹੀਂ ਹੈ। ਗੁਰਭਜਨ ਗਿੱਲ



ਏਕਮ ਦੇ ਚੰਨ ਮੁੰਦਰੀ ਅੰਦਰ, ਜੇ ਮੈਨੂੰ ਜੜ ਦਏ
ਸੁਨਿਆਰਾ। ਸੱਚ ਪੁੱਛੋ ਤਾਂ ਹੋਰ ਜਨਮ ਦੀ ਨਾ ਰਹੇ ਮੈਨੂੰ
ਲੋੜ ਦੁਬਾਰਾ। ਦਿਲ ਦੀ ਜੂਹੇ ਫਿਰੇ ਉਦਾਸੀ ਤੇ
ਹਿਰਨੋਟੀਆਂ ਨੂਰੀ ਚਸ਼ਮਾਂ, ਚੁੱਪ ਦਾ ਗੁੰਬਦ ਚਾਰ
ਦੀਵਾਰੀ, ਅੰਦਰ ਦਰਦ ਸਮੁੰਦਰ ਖ਼ਾਰਾ।

ਗੁਰਭਜਨ ਗਿੱਲ


ਸੁਣਿਆ ਸੀ ਮੈਂ ਜ਼ਖ਼ਮ ਦਿਲਾਂ ਦੇ, ਨਾਲ ਮੁਹੱਬਤ ਭਰ
ਜਾਂਦੇ ਨੇ। ਇੱਕ ਮੁਸਕਾਨ ਮਿਲੇ ਤਾਂ, ਡੁੱਬਦੇ, ਪੱਥਰ-ਚਿੱਤ
ਵੀ ਤਰ ਜਾਂਦੇ ਨੇ। ਇੱਕ ਅੱਧ ਰਿਸ਼ਮ ਉਧਾਰੀ ਦੇ ਦੇ,
ਇਸ ਨੂੰ ਮੈਂ ਹਥਿਆਰ ਬਣਾਵਾਂ, ਕਾਲਖ਼ ਦੇ ਵਣਜਾਰੇ
ਨ੍ਹੇਰੇ, ਜੁਗਨੂੰ ਤੋਂ ਵੀ ਡਰ ਜਾਂਦੇ ਨੇ। ਗੁਰਭਜਨ ਗਿੱਲ



ਹੁਣੇ ਹੁਣੇ ਤੂੰ ਯਾਦ ਸੀ ਕੀਤਾ, ਪਹੁੰਚ ਗਿਆ ਹਾਂ। ਵੇਖ
ਜ਼ਰਾ ਮੈਂ ਤੇਰੇ ਦਿਲ ਵਿੱਚ, ਧੜਕ ਰਿਹਾ ਹਾਂ। ਬਣ ਗਈ
ਮੇਰੀ ਕਵਿਤਾ, ਹੁਣ ਤੂੰ ਰੂਪ ਬਦਲ ਕੇ, ਚਿਤਵਦਿਆਂ ਮੈਂ
ਧੁਰ ਅੰਦਰ ਤੱਕ, ਮਹਿਕ ਗਿਆ ਹਾਂ। ਗੁਰਭਜਨ ਗਿੱਲ




ਧੋ ਦੇ ਰੂਹ ਤੋਂ ਨਕਸ਼ ਉਦਾਸੇ, ਹੱਸਿਆ ਕਰ
ਮੁਸਕਾਇਆ ਕਰ ਤੂੰ। ਜ਼ਿੰਦਗੀ ਤਾਂ ਇੱਕ ਅਮਰ ਗੀਤ
ਹੈ, ਨਾ ਦਿਲ ਚਾਹੇ ਗਾਇਆ ਕਰ ਤੂੰ। ਜਿਹੜੀ ਦਸਤਕ
ਸੁਪਨੇ ਅੰਦਰ, ਵਾਰ ਵਾਰ ਖੜਕਾਵੇ ਬੂਹੇ, ਖੋਲ੍ਹ ਦਿਆ
ਕਰ ਮਨ ਦੇ ਜੰਦਰੇ, ਉਸ ਨੂੰ ਦਰਦ ਸੁਣਾਇਆ ਕਰ ਤੂੰ।
ਗੁਰਭਜਨ ਗਿੱਲ



ਪਹਿਲਾ ਬੋਲ ਸਮਰਪਿਤ ਮੇਰਾ, ਕੁੱਲ ਧਰਤੀ ਦੀਆਂ
ਮਾਵਾਂ ਨੂੰ। ਪਾਲ ਪੋਸ ਜਿਨ ਵੱਡਿਆਂ ਕੀਤਾ, ਨਿੱਕਿਆਂ
ਨਿੱਕਿਆਂ ਚਾਵਾਂ ਨੂੰ। ਧਰਮੀ ਬਾਬਲ ਜੁਗਤ
ਸਿਖਾਈ,ਚੜ੍ਹਦੇ ਪਾਣੀ ਤਰਨ ਲਈ, ਪਾਰ ਕਰਨ ਦੀ
ਤਾਕਤ ਬਖ਼ਸ਼ੀ, ਭਰ ਵਗਦੇ ਦਰਿਆਵਾਂ ਨੂੰ।

ਗੁਰਭਜਨ ਗਿੱਲ


ਵਾਤਾਵਰਣ ਵਿਗੜਦਾ ਜਾਵੇ, ਲਾ ਦੇਈਏ ਵਿਸ਼ਵਾਸ ਦਾ
ਬੂਟਾ । ਬਹੁਤ ਜ਼ਰੂਰੀ ਮਨ ਵਿੱਚ ਲਾਉਣਾ, ਖੇੜੇ ਵੰਡਦੀ
ਆਸ ਦਾ ਬੂਟਾ ।  ਮਨ ਪਰਦੇਸੀ ਘਰ ਨਹੀਂ ਮੁੜਿਆ,
ਡਗਮਗ ਡਗਮਗ ਡੋਲ ਰਿਹਾ ਹੈ, ਰੋਜ਼ ਦਿਹਾੜੀ ਫ਼ੈਲ
ਰਿਹਾ ਹੈ, ਅਜਬ ਜਹੇ ਬਨਵਾਸ ਦਾ ਬੂਟਾ। ਗੁਰਭਜਨ
ਗਿੱਲ



ਮਨ ਦੀ ਬਸਤੀ ਵੇਖਣ ਨੂੰ ਤਾਂ, ਉੱਸਰੀ ਹੈ, ਆਬਾਦ ਨਹੀਂ । ਏਸੇ ਕਰਕੇ ਇਨਕਲਾਬ ਵੀ, ਓਨਾ ਜ਼ਿੰਦਾਬਾਦ ਨਹੀਂ ।  ਬਾਗਾਂ ਵਾਲੇ ਬਾਗਬਾਨ ਸਭ, ਠੇਕੇਦਾਰ ਬਣਾ ਸੁੱਟੇ, ਬਿਰਖ ਬਰੂਟੇ ਉੱਜੜ ਚੱਲੇ, ਮਾਲੀ ਨੂੰ ਕੁਝ ਯਾਦ ਨਹੀਂ। ਗੁਰਭਜਨ ਗਿੱਲ



ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ, ਮੂੰਹ ਵਿਚ ਜਿਵੇਂ ਜ਼ਬਾਨ ਨਹੀਂ ਹੈ । ਇੰਜ ਕਿਉਂ ਲੱਗਦੈ, ਏਸ ਨਗਰ ਦੇ ਬਿਰਖ਼ਾਂ ਵਿੱਚ ਵੀ ਜਾਨ ਨਹੀਂ ਹੈ । ਪੈਰ ਪੈਰ ਤੇ ਬਹੁਤ ਖ਼ੁਦਾ ਨੇ, ਪੱਥਰਾਂ ਵਾਲੀ ਜੂਨ ਪਏ ਜੋ, ਬੜੀਆਂ ਭੀੜਾਂ ਚਾਰ ਚੁਫ਼ੇਰੇ, ਇੱਕ ਵੀ ਤਾਂ ਇਨਸਾਨ ਨਹੀਂ ਹੈ।

ਗੁਰਭਜਨ ਗਿੱਲ



ਇਸ ਤਰ੍ਹਾਂ ਕਿਉਂ ਜਾਪਦਾ,ਨੀਵਾਂ ਹੈ ਅੰਬਰ ਹੋ ਗਿਆ।
ਮਿਲਣ ਆਇਆ ਧਰਤ ਨੂੰ, ਮਿਲ ਕੇ ਬਰਾਬਰ ਹੋ
ਗਿਆ । ਮਾਰ ਕੇ ਆਵਾਜ਼ ਮਗਰੋਂ, ਤੂੰ ਸੀ ਮੈਨੂੰ ਕੀ
ਕਿਹਾ, ਯਾਦ ਨਹੀਂ ਪਰ ਵੇਖ ਲੈ ਇਹ ਦਿਲ ਤਾਂ ਕਾਫ਼ਰ
ਹੋ ਗਿਆ।

ਗੁਰਭਜਨ ਗਿੱਲ


ਸੁੱਕਦੇ ਸੁੱਕਦੇ ਸੁੱਕ ਚੱਲੇ ਨੇ, ਯਾਰ ਮੇਰੇ ਦਰਿਆਵਾਂ
ਵਰਗੇ । ਧਰਤੀ ਮਾਂ ਦੇ ਸਿਦਕੀ ਬੂਟੇ, ਅੰਬਰ ਤੀਕ
ਸਦਾਵਾਂ ਵਰਗੇ । ਸ਼ਬਦ ਪਵਿੱਤਰ ਵਾਕ ਜਹੇ ਤੇ, ਰੂਹ
ਦੇ ਅੰਦਰੋਂ ਬਾਹਰੋਂ ਭੇਤੀ, ਬਿਨ ਬੋਲਣ ਤੋਂ ਜਾਨਣ ਵਾਲੇ,
ਬਹੁਤ ਮੁਕੱਦਸ* ਥਾਵਾਂ ਵਰਗੇ। ਗੁਰਭਜਨ ਗਿੱਲ


ਸਦੀਆਂ ਤੋਂ ਹੀ ਲੋਕ ਵਿਚਾਰੇ, ਮੁਕਤੀ ਖ਼ਾਤਰ ਸੋਚ ਰਹੇ
ਨੇ । ਚਤੁਰ ਸ਼ਿਕਾਰੀ ਰੀਝਾਂ ਸੁਪਨੇ, ਨਾਲੋ ਨਾਲ ਦਬੋਚ
ਰਹੇ ਨੇ । ਸਾਡੇ ਬੱਚਿਆਂ ਦੇ ਮੱਥਿਆਂ ਤੇ, ਖ਼ੁਰਚਣਗੇ
ਹੁਣ ਏ. ਬੀ. ਸੀ. ਡੀ., ਊੜੇ ਐੜੇ ਵਾਲੀ ਤਖ਼ਤੀ ਗੂੜ੍ਹ-
ਗਿਆਨੀ ਪੋਚ ਰਹੇ ਨੇ। ਗੁਰਭਜਨ ਗਿੱਲ



ਰਾਤੀਂ ਤੈਨੂੰ ਯਾਦ ਕਰਦਿਆਂ, ਵਾਹਵਾ ਲੜਿਆਂ ਤੇਰੇ ਨਾਲ । ਉਸ ਤੋਂ ਮਗਰੋਂ ਕੀ ਦੱਸਾਂ ਮੈਂ ਕੀ ਕੁਝ ਹੋਇਆ ਮੇਰੇ ਨਾਲ । ਸਿਰ ਸੂਹੀ ਫੂਲਕਾਰੀ ਲੈ ਕੇ, ਲੱਗਿਆ ਤੂੰ ਹੈਂ ਕੋਲ ਖੜ੍ਹੀ, ਭਰਮ ਛਲਾਵਾ ਕਿਉਂ ਇੰਜ ਕੀਤਾ, ਭੋਲ਼ੇ ਮਨ ਤੂੰ ਮੇਰੇ ਨਾਲ। ਗੁਰਭਜਨ ਗਿੱਲ


ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ
ਬੋਲਦਾ । ਵਕਤ ਹੁੰਗਾਰਾ ਭਰਦਾ ਆਪੇ, ਸੁਣ ਕੇ
ਮਹਿਰਮ ਯਾਰ ਬੋਲਦਾ । ਧਰਤ, ਆਕਾਸ਼, ਪਾਤਾਲ ਤੇ
ਚੌਥਾ ਕੁੱਲ ਸ੍ਰਿਸ਼ਟੀ ਰੌਣਕ-ਮੇਲਾ, ਸਗਲ ਬਨਸਪਤਿ
ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ।
ਗੁਰਭਜਨ ਗਿੱਲ

ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ
ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ
ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ
ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ
ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ।

ਗੁਰਭਜਨ ਗਿੱਲ



ਜ਼ਿੰਦਗੀ ਤੇਰੇ ਵਰਗੇ ਸੱਜਣ ਸਾਰੇ ਨਹੀਂ ਹੁੰਦੇ । ਕਰਦੇ ਜੋ
ਇਕਰਾਰ, ਕਦੇ ਉਹ ਲਾਰੇ ਨਹੀਂ ਹੁੰਦੇ । ਸੜਕਾਂ ਕੰਢੇ
ਪਲਦੇ ਬਾਲ ਝਲੂੰਗੀ ਅੰਦਰ ਜੋ, ਕਿਹੜਾ ਕਹਿੰਦੈ, ਮਾਂ
ਦੀ ਅੱਖ ਦੇ ਤਾਰੇ ਨਹੀਂ ਹੁੰਦੇ। ਗੁਰਭਜਨ ਗਿੱਲ


ਢੇਰੀ ਢਾਹ ਕੇ ਬਹਿ ਜਾਂਦਾ ਏਂ, ਏਸ ਤਰ੍ਹਾਂ ਨਾ ਕਰਿਆ
ਕਰ ਤੂੰ । ਮਰਨ-ਦਿਹਾੜਾ ਜੇਕਰ ਮਿਥਿਆ, ਜੀਂਦੇ
ਜੀਅ ਨਾ ਮਰਿਆ ਕਰ ਤੂੰ । ਆਪੇ ਕਹਿੰਦੈਂ, ਚਾਰ
ਦਿਹਾੜੇ, ਇਹ ਜ਼ਿੰਦਗਾਨੀ, ਭਰਮ ਬੁਲਬੁਲਾ, ਕੂੜ,
ਕੁਫ਼ਰ ਜੇ ਮਿਲਖ਼ ਜਾਗੀਰਾਂ, ਨਾ ਝੋਲ਼ੀ ਵਿੱਚ ਭਰਿਆ
ਕਰ ਤੂੰ। ਗੁਰਭਜਨ ਗਿੱਲ



ਬਿਨ ਮਿਲਿਆਂ ਤੂੰ ਮੇਰੇ ਦਿਲ ਦੀ, ਬਾਤ ਕਿਸ ਤਰ੍ਹਾਂ
ਕਹਿ ਜਾਂਦਾ ਏਂ? ਰੂਹ ਦੇ ਧੁਰ ਅੰਦਰ ਬਿਨ ਪੌੜੀ, ਦੱਸੀਂ
ਕਿੱਸਰਾਂ ਲਹਿ ਜਾਂਦਾ ਏਂ? ਸੁਪਨੇ ਅੰਦਰ ਦਸਤਕ ਦੇ ਕੇ,
ਉਹਨੀਂ ਪੈਰੀਂ ਮੁੜ ਹੈਂ ਜਾਂਦਾ, ਓਸੇ ਨਾਲ ਗੁਫ਼ਤਗੂ ਮੇਰੀ,
ਜਿੰਨਾ ਪਿੱਛੇ ਰਹਿ ਜਾਂਦਾ ਏਂ। ਗੁਰਭਜਨ ਗਿੱਲ


ਏਸ ਵਤਨ ਵਿੱਚ ਘਰ ਕਿੱਥੇ ਹੈ, ਖ਼ਾਲੀ
ਚਾਰਦੀਵਾਰੀਆਂ ਨੇ । ਲੱਭਦਿਆਂ ਇਹ ਉਮਰਾ ਬੀਤੀ,
ਤਾਂ ਹੀ ਅੱਖੀਆਂ ਭਾਰੀਆਂ ਨੇ । ਮੇਰੇ ਪੈਰੀਂ ਬਚਪਨ ਤੋਂ
ਹੀ, ਬੱਝ ਗਏ ਪਰਬਤ, ਦਿਸਦੇ ਨਹੀਂ, ਅਪਣੇ ਤੋਂ ਹੀ
ਅਪਣੇ ਤੀਕਰ, ਤਾਂਹੀਉਂ ਸਗਲ ਉਡਾਰੀਆਂ ਨੇ।
ਗੁਰਭਜਨ ਗਿੱਲ




ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ
ਅਡੋਲ ਰਹੇ । ਅਕਲ ਦੀ ਸੰਗਲੀ, ਫੜ ਲੈ ਘੁੱਟਕੇ,
ਖਿਸਕੇ ਨਾ ਇਹ ਕੋਲ ਰਹੇ । ਹਰ ਮੰਜ਼ਿਲ ਹੀ ਖ਼ੁਦ
ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ, ਪਰਪੱਕ ਨਿਸ਼ਚਾ
ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ ।

ਗੁਰਭਜਨ ਗਿੱਲ



ਪਲਕਾਂ ਉਹਲੇ ਲੁਕਿਆ ਸੂਰਜ, ਚੜ੍ਹਦਾ ਤਾਂ ਪਰਭਾਤ
ਵੇਖਦੇ । ਚੁੱਪ ਦੀ 'ਨ੍ਹੇਰ ਗੁਫ਼ਾ ਵਿੱਚ ਰਹਿੰਦੇ ਮਰ ਚੱਲੇ ਹਾਂ
ਰਾਤ ਵੇਖਦੇ ।  ਨੀਵੀਂ ਨਜ਼ਰ ਕਰੇਂ, ਨਾ ਬੋਲੇਂ, ਹੋਠੀਂ
ਜੰਦਰੇ ਲਾ ਨਾ ਭਲੀਏ, ਦੋ ਹਿਰਨੋਟੇ ਨੈਣ ਤੇਰੇ ਕਿਉਂ ਨਾ
ਮੇਰੇ ਜਜ਼ਬਾਤ ਵੇਖਦੇ । ਗੁਰਭਜਨ ਗਿੱਲ



ਕੀਹਦੀ ਏ ਮਜਾਲ ਸਾਨੂੰ ਡੱਬੀ ਵਿੱਚ ਪਾ ਲਵੇ । ਮਹਿਕ ਦਾ ਵਜੂਦ, ਭਾਵੇਂ ਸਾਹਾਂ ਵਿੱਚ ਸਾਹ ਲਵੇ । ਏਨੀ ਗੱਲ ਸਾਫ਼, ਮੈਂ ਨਹੀਂ ਕੱਪੜਾ, ਵਜੂਦ ਹਾਂ, ਜਦੋਂ ਦਿਲ ਕਰੇ ਮੈਨੂੰ ਪਾ ਲਵੇ ਤੇ ਲਾਹ ਲਵੇ। ਗੁਰਭਜਨ ਗਿੱਲ



ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ ਬਣਨਾ । ਤੁਸੀਂ ਗਾਹਾਂ 'ਚ ਛਾਂ ਬਣਨਾ, ਕਦੇ ਦੀਵਾਰ ਨਹੀਂ ਬਣਨਾ । ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ 'ਚ ਘੁਲ ਮਿਲ ਕੇ, ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ ਭਾਰ ਨਹੀਂ ਬਣਨਾ। ਗੁਰਭਜਨ ਗਿੱਲ



ਬੜਾ ਹੀ ਵਰਜਿਆ ਖ਼ੁਦ ਨੂੰ ਇਹ ਕਹਿਣੋਂ ਰਹਿ ਨਹੀਂ ਸਕਦਾ। ਮੈਂ ਤੇਰੇ ਵਾਸਤੇ ਤਾਂ ਹੋਰ ਹੇਠਾਂ ਲਹਿ ਨਹੀਂ ਸਕਦਾ। ਅਧੂਰੀ ਗੁਫ਼ਤਗੂ ਛੱਡ ਕੇ ਤੂੰ ਮੁੜ ਕੇ ਬਾਤ ਨਾ ਛੋਹੀ, ਮੈਂ ਤੇਰੀ ਬੇਰੁਖ਼ੀ ਏਨੀ ਵੀ ਜਿੰਦੇ ਸਹਿ ਨਹੀਂ ਸਕਦਾ। ਗੁਰਭਜਨ ਗਿੱਲ



ਪੌਣਾਂ ਹੱਥ ਸੁਨੇਹਾ ਘੱਲਿਆ, ਇਸ ਨੂੰ ਖ਼ੁਦ ਪਰਵਾਨ ਕਰੋ ਜੀ । ਏਨੀ ਡੂੰਘੀ ਚੁੱਪ ਧਾਰੀ ਹੈ, ਕੁਝ ਤਾਂ ਮੇਰੀ ਜਾਨ ਕਰੋ ਜੀ । ਦਸਤਕ ਦੇ ਦੇ ਹਾਰ ਗਿਆ ਹਾਂ, ਬੂਹਾ ਬੰਦ ਹੈ ਖੁੱਲ੍ਹਿਆ ਨਹੀਂ ਜੇ, ਆਖ ਦਿਓ, ਤੂੰ ਵਾਪਸ ਮੁੜ ਜਾ, ਏਨਾ ਤਾਂ ਅਹਿਸਾਨ ਕਰੋ ਜੀ। ਗੁਰਭਜਨ ਗਿੱਲ


ਜ਼ਿੰਦਗੀ 'ਚ ਕਦੇ ਬੀਬਾ ਏਸਰਾਂ ਨਹੀਂ ਕਰੀਦਾ ।
ਬੁਰਿਆਂ ਦੀ ਬਾਤ ਦਾ ਹੁੰਗਾਰਾ ਵੀ ਨਹੀਂ ਭਰੀਦਾ ।
ਬਹਿਣ ਤੇ ਖਲੋਣ ਵੇਲੇ ਇੱਕੋ ਗੱਲ ਜਾਣ ਲੈ, ਸੱਚ ਪੱਲੇ
ਹੋਵੇ, ਕੱਲ੍ਹੇ ਹੋਣ ਤੋਂ ਨਹੀਂ ਡਰੀਦਾ । ਗੁਰਭਜਨ ਗਿੱਲ


ਸਦਾ ਫੁਟਾਰਾ ਪੱਤਝੜ ਮਗਰੋਂ ਏਨੀ ਗੱਲ ਸਮਝ ਲੈ
ਬੱਲਿਆ। ਇਹ ਪਤਰਾਲ ਜੋ ਕਿਰਦਾ ਥੱਲੇ, ਆਪਣਾ
ਫ਼ਰਜ਼ ਨਿਭਾ ਕੇ ਚੱਲਿਆ। ਧਰਤੀ ਦੀ ਬੁੱਕਲ ਵਿੱਚ
ਬਹਿ ਕੇ, ਇਸ ਨੇ ਤਾਕਤ ਰੁੱਖ ਨੂੰ ਦੇਣੀ, ਏਸ ਕਿਤਾਬ
ਦਾ ਵਰਕਾ ਇੱਕ ਵੀ ਤੂੰ ਦੱਸ ਕਿਉਂ ਨਹੀਂ ਪੜ੍ਹਦਾ
ਝੱਲਿਆ। ਗੁਰਭਜਨ ਗਿੱਲ



ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ।
ਪਰ ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ,
ਅਸੀਂ ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ




ਮਨ ਮੈਦਾਨ ਬਣਾਈਏ ਕਿੱਦਾਂ, ਇਹ ਤਾਂ ਦੱਸ ਦੇ ਯਾਰ
ਫ਼ਰੀਦਾ। ਹੋਰ ਬਥੇਰੀਆਂ ਜੰਗਾਂ ਜਿੱਤੀਏ, ਮਨ ਤੋਂ
ਜਾਈਏ ਹਾਰ ਫ਼ਰੀਦਾ। ਯਤਨ ਬਥੇਰੇ ਕਰਦਾ ਹਾਂ ਪਰ
ਨੇੜੇ ਜਾ ਕੇ ਛੁੱਟ ਜਾਏ ਕੰਨੀ, ਇੱਕ ਰਾਹ ਦੱਸ ਦੇ, ਮਨ ਤੋਂ
ਲੱਥੇ ਚੌਰਾਹਿਆਂ ਦਾ ਭਾਰ ਫ਼ਰੀਦਾ। ਗੁਰਭਜਨ ਗਿੱਲ



ਤੈਥੋਂ ਕੁਝ ਮੰਗਦੇ ਨਾ, ਇਹੀ ਕਹੀਏ ਖੋਹ ਨਾ। ਧਰਤੀ ਤੋਂ ਪੁੱਤ ਖੋਹਣੋਂ ਵੱਧ ਤਾਂ ਧਰੋਹ ਨਾ। ਲਾਲੀ ਲਾਲ ਕਿਲ੍ਹੇ ਦੀ ਕਸ਼ੀਦ ਸਾਨੂੰ ਲੱਭ ਲੈ,  ਤੇਰੇ ਨਾਲੋਂ ਘੱਟ ਸਾਨੂੰ ਦੇਸ਼ ਨਾਲ ਮੋਹ ਨਾ। ਗੁਰਭਜਨ ਗਿੱਲ


ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ
ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ
ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ
ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ।
Good Morning
ਗੁਰਭਜਨ ਗਿੱਲ


ਮਨ ਖਿੜਦਾ ਹੈ ਏਸ ਤਰ੍ਹਾਂ ਹੀ ਹੱਸਿਆ ਕਰ,
ਮੁਸਕਾਇਆ ਕਰ ਤੂੰ। ਸੋਚਾਂ ਦੇ ਦਰਿਆ ਵਿੱਚ ਹਰ ਦਮ,
ਗੋਤੇ ਹੀ ਨਾ ਖਾਇਆ ਕਰ ਤੂੰ। ਤੇਰੇ ਅੰਦਰ ਕਿੰਨੇ
ਸਾਗਰ ਮਾਣਕ ਮੋਤੀ ਹੋਰ ਬੜਾ ਕੁਝ, ਬਾਜ਼ ਵਾਂਗਰਾਂ
ਧਰਤੀਉਂ ਅੰਬਰ ਸੂਰਜ ਤੱਕ ਵੀ ਜਾਇਆ ਕਰ ਤੂੰ।
ਗੁਰਭਜਨ ਗਿੱਲ



ਬਿਰਖ਼ ਮੁਹੱਬਤਾਂ ਵਾਲੇ ਜਿਸ ਥਾਂ, ਸਿਰ ਤੇ ਛਤਰ
ਸੁਹਾਵੇ। ਸਾਡਾ ਵੀ ਇਹ ਧਰਮ ਧਰਮੀਓ, ਹਰ ਕੋਈ
ਰੁੱਖੜਾ ਲਾਵੇ। ਸਾਵਣ ਵਣ ਹਰਿਆਲੇ ਸੋਹਣੇ, ਦੇਣ
ਸੁਨੇਹਾ ਸਾਨੂੰ, ਘੋਨ ਮੋਨ ਹੋ ਜਾਵੇ ਧਰਤੀ, ਉਹ ਦਿਨ
ਕਦੇ ਨਾ ਆਵੇ। ਗੁਰਭਜਨ ਗਿੱਲ


©Facebook Page:
Good Morning HD
ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ। ਤੂੰ
ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ,
ਮਹਿਕਾਂ ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ।
ਗੁਰਭਜਨ ਗਿੱਲ



ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ



ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ
ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ
ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ
ਕਿਸੇ ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ
ਬਣਦੇ,ਐਵੇਂ ਨਾ ਬਹਿ ਹੌਕੇ ਭਰਿਉ। ਗੁਰਭਜਨ ਗਿੱਲ


ਦੂਸਰਿਆਂ ਲਈ ਸ਼ੁਭਚਿੰਤਨ ਦਾ ਵਕਤ ਕੋਈ ਪੱਕਾ ਨਹੀਂ
ਹੁੰਦਾ। ਜਿਹੜਾ ਬਹੁਤੀ ਕਰੇ ਖ਼ੁਸ਼ਾਮਦ,ਸਾਡਾ ਉਹ ਉਹ
ਸੱਕਾ ਨਹੀਂ ਹੁੰਦਾ। ਸਹਿਮਤ ਨਾਲ ਅਸਹਿਮਤ
ਤੁਰਦੈ,ਮਨ ਮੌਜੀ ਹੈ, ਚਾਕਰ ਨਹੀਉਂ, ਆਪਣੀ ਮਰਜ਼ੀ
ਕਰਦਾ ਹੈ ਇਹ, ਮੋੜਨ ਲਈ ਧੱਕਾ ਨਹੀਂ ਹੁੰਦਾ।
ਗੁਰਭਜਨ ਗਿੱਲ



ਗਰਮੀ ਖਾ ਕੇ ਪਿਘਲ ਗਿਆ ਹੈ,ਵੇਖੋ ਲੋਹਾ ਪਾਣੀ
ਬਣਿਆ। ਅੱਗ ਦੇ ਅੱਗੇ ਕੀ ਸੀ ਵੁੱਕਤ, ਕਦ ਤੱਕ
ਰਹਿੰਦਾ ਆਕੜ ਤਣਿਆ। ਪਰ ਸਾਡੇ ਲਈ ਸਬਕ ਬਣ
ਗਿਆ, ਜੇਕਰ ਸਿੱਖਣਾ ਚਾਹੀਏ ਆਪਾਂ, ਚੇਤੇ ਰੱਖ
ਸਬਰ ਦੀ ਮਿੱਟੀ, ਜਿਸ ਧਰਤੀ ਨੇ ਤੈਨੂੰ ਜਣਿਆ।
ਗੁਰਭਜਨ ਗਿੱਲ


ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ
ਵੇ ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ,
ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ


ਇਹ ਵੀ ਜਿੰਦ ਹੈ ਮਹਿਕ ਪਰੁੱਚੀ,ਫੁੱਲ ਡੋਡੀ ਨਾ ਤੋੜ
ਦਿਆ ਕਰ। ਜੇ ਵੱਸ ਚੱਲੇ ਤੇਰਾ ਤਾਂ ਤੂੰ। ਹੋਰਾਂ ਨੂੰ ਵੀ ਹੋੜ
ਦਿਆ ਕਰ। ਤੇਰੇ ਅੰਦਰ ਬੈਠ ਪਤੰਦਰ, ਬਾਂਦਰ ਜੇਕਰ
ਬਹੁਤਾ ਬੁੜ੍ਹਕੇ, ਹੋਰ ਕਿਸੇ ਕੰਮ ਲਾ ਰੱਖਿਆ ਕਰ, ਪੁੱਠੇ
ਕੰਮ ਤੋਂ ਮੋੜ ਦਿਆ ਕਰ। ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ


ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।
ਗੁਰਭਜਨ ਗਿੱਲ


ਰੋਜ਼ ਸੋਚਦਾਂ ਫੁੱਲਾਂ ਵਿੱਚੋਂ, ਤੁਰ ਗਈ ਹੈ ਖ਼ੁਸ਼ਬੋਈ
ਕਿੱਥੇ।?ਸਾਥੋਂ ਮਹਿਕ ਗੁਆਚੀ ਕਿੱਦਾਂ, ਸਾਥੋਂ ਗਲਤੀ
ਹੋਈ ਕਿੱਥੇ।?ਮਧੂ ਮੱਖੀਆਂ,ਤਿਤਲੀ ਤੇ ਭੰਵਰੇ, ਹੁਣ
ਗੁੰਜਾਰ ਕਿਉਂ ਨਹੀਂ ਪਾਉਂਦੇ, ਰੌਣਕ ਬਾਗ ਬਗੀਚੇ
ਵਾਲੀ, ਦੱਸਿਓ ਜੀ ਇਹ ਮੋਈ ਕਿੱਥੇ? ਗੁਰਭਜਨ ਗਿੱਲ


ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ
ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ
ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ
ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ
ਅੰਦਰ, ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ


ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ
ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ
ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ
ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ
ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ
ਕਹੀਏ। ਗੁਰਭਜਨ ਗਿੱਲ


ਮੋਰ ਪੰਖ ਸਮਝਾਇਆ ਮੈਨੂੰ, ਜ਼ਿੰਦਗੀ ਤਾਂ ਸਹਿਚਾਰ
ਦਾ ਨਾਂ ਹੈ। ਰੰਗਾਂ ਵਿੱਚ ਵਿਸਮਾਦ ਨਾਦ ਹੈ, ਇਹ ਹੀ
ਅਸਲ ਪਿਆਰ ਦੀ ਛਾਂ ਹੈ। ਡੰਡੀਆਂ ਸੁਰਖ਼ ਦੀਆਂ
ਨੂੰ,ਪਿਆਰ ਦਿਹਾੜੇ ਵੰਡਦੇ ਲੋਕੋ, ਟੁੱਟ ਨਾ
ਜਾਇਉ,ਅਸਲ ਬਗੀਚੀਉਂ ਜਿੱਥੇ ਵੱਸਦੀ ਧੀ ਤੇ ਮਾਂ ਹੈ।
ਗੁਰਭਜਨ ਗਿੱਲ


ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ
ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ
ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ,
ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ
ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।
ਗੁਰਭਜਨ ਗਿੱਲ


ਇਹ ਸਤਰੰਗੀ ਪੀਂਘ ਦੋਸਤੋ, ਬਿਲਕੁਲ ਮਨ ਦੀ ਲਹਿਰ
ਜਹੀ ਹੈ। ਮਾਣ ਲਵੋ ਤਾਂ ਆਪਣੇ ਅੰਦਰ , ਖਿੜਦੀ
ਸਿਖ਼ਰ ਦੁਪਹਿਰ ਜਹੀ ਹੈ। ਮਨ ਦੇ ਰੌਂਅ ਤੇ ਇਹ ਹੈ
ਨਿਰਭਰ , ਬੂਹੇ ਬੰਦ ਜਾਂ ਖੋਲ੍ਹ ਕੇ ਰੱਖਣੇ, ਦੇਖਦਿਆਂ ਵੀ
ਅਣਡਿੱਠ ਕਰਨਾ, ਇਹ ਬਿਰਤੀ ਤਾਂ ਸ਼ਹਿਰ ਜਹੀ ਹੈ।
ਗੁਰਭਜਨ ਗਿੱਲ


ਚੜ੍ਹਦਾ ਸੂਰਜ ਵੇਖ ਲਿਆ ਮੈਂ, ਇਓਂ ਲੱਗਿਆ ਤੂੰ ਕੋਲ
ਹੈਂ ਮੇਰੇ। ਏਸ ਤਰ੍ਹਾਂ ਹੀ ਮਿਲ ਜਾਇਆ ਕਰ, ਚੀਰ ਚੂਰ
ਕੇ ਘੋਰ ਹਨ੍ਹੇਰੇ। ਮਨ ਮਸਤਕ ਵੀ ਖਿੜ ਜਾਂਦਾ ਹੈ, ਨੂਰੀ
ਕਿਰਨਾਂ ਮੱਥੇ ਛੱਸ ਕੇ, ਬੁੱਕਲ ਵਿੱਚ ਸ੍ਰਿਸ਼ਟੀ ਜਾਪੇ, ਜਦ
ਹੋ ਜਾਂਦੇ ਦਰਸ਼ਨ ਤੇਰੇ। ਗੁਰਭਜਨ ਗਿੱਲ


ਤੇਰੇ ਨਾਲ ਗੁਫ਼ਤਗੂ ਕਰਦੇ,ਜਾਪੇ ਲੋਹ ਤੇ ਪੈਂਦੀਆਂ
ਕਣੀਆਂ। ਹੁਣ ਤੇਰੀ ਚੁੱਪ ਕਾਰਨ ਮੇਰੀ ਤਪਦੀ ਜਾਨ
ਮੁਸ਼ਕਿਲਾਂ ਬਣੀਆਂ। ਪੀਲਾ ਪੈ ਗਿਆ ਫੁੱਲ ਗੁਲਾਬੀ
ਮਹਿਕ ਗੁਆਚੀ ਰੰਗ ਵੀ ਰੁੱਸੇ, ਮੋਰਨੀਏ ਨਾ ਕਾਬੂ
ਆਵਣ ਖਿਸਕਦੀਆਂ ਯਾਦਾਂ ਤੇ ਤਣੀਆਂ।
ਗੁਰਭਜਨ ਗਿੱਲ


ਰੂਹ ਦਾ ਹੁਸਨ ਸਦੀਵੀ ਸ਼ਕਤੀ ਇਹ ਟਕਸਾਲੀ ਸਿੱਕਾ।
ਇਸ ਦੇ ਅੱਗੇ ਸਾਰਾ ਕੁਝ ਹੀ ਲੱਗਦਾ ਫਿੱਕਾ ਫਿੱਕਾ।
ਇਸ ਨੂੰ ਸਾਂਭ ਸੰਭਾਲ ਕੇ ਰੱਖਣਾ, ਤੇਰੀ ਜ਼ੁੰਮੇਵਾਰੀ,
ਸੋਨੇ ਨਾਲੋਂ ਬਹੁਤਾ ਚਮਕੇ, ਮੱਥੇ ਸੂਰਜ ਟਿੱਕਾ।
ਗੁਰਭਜਨ ਗਿੱਲ


ਕੁਝ ਲੋਕਾਂ ਦੇ ਮੱਥੇ ਲਿਖਿਆ, ਹੋਰ ਕਿਸੇ ਦਾ ਚਾਅ ਨਾ
ਸਹਿਣਾ। ਗੈਸ ਪੇਟ ਦੀ ਮੂੰਹ ‘ਚੋਂ ਕੱਢਣਾ, ਪੁੱਠੀਆਂ
ਚਾਲਾਂ ਚੱਲਦੇ ਰਹਿਣਾ। ਨੌਂ ਸੌ ਚੂਹੇ ਖਾ ਕੇ ਬਿੱਲੀ, ਬਣੀ
ਭਗਤਣੀ ਵੇਖ ਲਵੋ ਜੀ, ਏਸ ਨਸਲ ਦੀ ਫਿਤਰਤ
ਬਾਰੇ, ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ।
ਗੁਰਭਜਨ ਗਿੱਲ


ਝੀਲਾਂ, ਝਰਨੇ, ਨੀਲਾ ਸਾਗਰ, ਧਰਤੀ ਤੇ ਲਿਖੀਆਂ
ਕਵਿਤਾਵਾਂ। ਜੇ ਤੂੰ ਵਕਤ ਦਏਂ ਤਾਂ ਤੈਨੂੰ ਕੁਝ ਵਰਕੇ ਪੜ੍ਹ
ਬੋਲ ਸੁਣਾਵਾਂ। ਕਿੰਨਾ ਕੁਝ ਅਣਪੜ੍ਹਿਆ ਛੱਡ ਕੇ, ਕਹਿੰਦੈਂ
ਜ਼ਿੰਦਗੀ ਫਿੱਕੀ ਫਿੱਕੀ, ਵੇਖ ਕਦੇ ਤੂੰ ਧਰਤੀ
ਅੰਬਰ,ਰੰਗਾਂ ਮੱਲੀਆਂ ਕਿੰਨੀਆਂ ਥਾਵਾਂ।
ਗੁਰਭਜਨ ਗਿੱਲ


ਧਰਤੀ ਮੈਨੂੰ ਖ਼ਤ ਲਿਖਿਆ ਹੈ, ਤੂੰ ਕਹਿੰਦਾ ਏਂ ਫੁੱਲ
ਖਿੜਿਆ ਹੈ। ਆਪੋ ਆਪਣੀ ਸੂਝ ਮੁਤਾਬਕ ਸੋਚਾਂ
ਅੰਦਰ ਜੰਗ ਛਿੜਿਆ ਹੈ। ਏਸ ਇਬਾਰਤ ਨੂੰ ਪੜ੍ਹ
ਸਕਣਾ, ਹਰ ਇੱਕ ਦੇ ਨਾ ਹਿੱਸੇ ਆਵੇ, ਸਿੱਖ ਲੈ ਇਸ
ਮਾਂ ਨੂੰ ਪੜ੍ਹ ਸਕਣਾ, ਤੇਰਾ ਮੱਥਾ ਕਿਉਂ ਚਿੜਿਆ ਹੈ।
ਗੁਰਭਜਨ ਗਿੱਲ


ਕਾਇਮ ਰੱਖਣਾ ਮਾਣ ਕੌਮ ਦਾ, ਤੂੰ ਦਸਤਾਰ ਪੰਜਾਬ ਦੀ
ਵੀਰਾ। ਬਾਰ ਬਾਰ ਨਹੀਂ ਮਿਲਣਾ ਤੈਨੂੰ, ਮਾਣਕ ਜਨਮ
ਅਮੋਲਕ ਹੀਰਾ। ਭੁੱਲੀਂ ਨਾ ਵਿਰਸੇ ਦੀ ਸ਼ਕਤੀ, ਇਹ
ਹੀ ਹੁੰਦੀ ਰੀੜ੍ਹ ਦੀ ਹੱਡੀ, ਗਰਦਨ ਰੱਖ ਉਚੇਰੀ ਪੁੱਤਰਾ,
ਬਣ ਕੇ ਰਹਿ ਤੂੰ ਗੁਣੀ ਗਹੀਰਾ। ਗੁਰਭਜਨ ਗਿੱਲ


ਸੁਰ ਤੇ ਸ਼ਬਦ ਸੁਮੇਲ ਕਰੇ ਜਦ ਧਰਤੀ ਬੋਲਣ ਲਾ
ਸਕਦਾ ਹੈ। ਬਿਨਾ ਕਿਤਾਬਾਂ ਪੜ੍ਹੇ, ਪੜ੍ਹਾਏ, ਰਾਗ ਵੀ
ਸਬਕ ਸਿਖਾ ਸਕਦਾ ਹੈ। ਜ਼ਿੰਦਗੀ ਤਾਲੋਂ ਖੁੰਝੇ ਜਦ ਵੀ,
ਸ਼ੋਰ ਕਰੇ ਸਰਦਾਰੀ ਓਥੇ, ਗਲ਼ੀਆਂ ਵਿੱਚ ਦਰਵੇਸ਼
ਗਵੱਈਆ,ਰੂਹ ਦਾ ਸਾਜ਼ ਵਜਾ ਸਕਦਾ ਹੈ। ਗੁਰਭਜਨ
ਗਿੱਲ


ਕਿਹੜੇ ਰਾਹੀਂ ਪੈ ਗਈ ਜਿੰਦੇ, ਲੱਗਦਾ ਤੇਰੀ ਸੋਚ
ਭ੍ਰਿਸ਼ਟੀ। ਕਰਮਭੂਮ ਤੇਰੀ ਜੇ ਚਾਹੇਂ,ਬਣ ਸਕਦੀ ਹੈ ਕੁੱਲ
ਸ੍ਰਿਸ਼ਟੀ। ਆਪਣੇ ਤੀਕਰ ਸੀਮਤ ਹੋ ਕੇ ਬਹਿ ਨਾ ਲਾ
ਕੇ ਬਗਲ ਸਮਾਧੀ, ਸਗਲ ਦ੍ਰਿਸ਼ ਹੀ ਬਦਲ ਜਾਣ ਜੇ
ਬੰਦਾ ਬਦਲੇ ਆਪ ਦ੍ਰਿਸ਼ਟੀ। ਗੁਰਭਜਨ ਗਿੱਲ


ਜੇਕਰ ਮੰਡੀ ਵਿੱਚ ਨਹੀਂ ਵਿਕਦਾ, ਮੈਨੂੰ ਇਸ ਦੀ ਸ਼ਰਮ
ਨਹੀਂ ਹੈ। ਹਰ ਹੱਟੀ ਤੇ ਹਰ ਪਲ ਵਿਕਣਾ, ਇਹ ਬੰਦੇ ਦਾ
ਧਰਮ ਨਹੀਂ ਹੈ। ਮੇਰੇ ਇਸ਼ਟ ਸਿਖਾਇਆ ਮੈਨੂੰ, ਛਾਬੇ
ਅੰਦਰ ਨਹੀਂ ਤੂੰ ਬਹਿਣਾ, ਰੂਹ ਤੇ ਭਾਰ ਪੁਆ ਕੇ
ਜੀਣਾ,ਇਹ ਬੰਦੇ ਦਾ ਕਰਮ ਨਹੀਂ ਹੈ। ਗੁਰਭਜਨ ਗਿੱਲ


ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ
ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ
ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ
ਉਨ੍ਹਾਂ ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ
ਕਿਹੜਾ ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ


ਖੋਲ੍ਹ ਕਦੇ ਤਾਂ ਰੂਹ ਦੀ ਖਿੜਕੀ, ਵੇਖ ਲਵਾਂ ਕੀ ਅੰਦਰ
ਤੁਰਦਾ। ਸ਼ਾਇਦ ਮੁਰੰਮਤ ਹੋ ਜਾਵੇ ਉਹ ਜੋ ਕੁਝ ਅੰਦਰ
ਟੁੱਟਦਾ ਭੁਰਦਾ। ਬੰਦ ਰੱਖੋ ਜੇ ਬੂਹੇ ਬਾਰੀਆਂ, ਕੰਧਾਂ
ਵਿਚ ਤਰੇੜਾਂ ਪਾਟਣ, ਏਦਾਂ ਤਾਂ ਮਨ ਮਰ ਜਾਂਦਾ ਹੈ,
ਭੁਰਦਾ ਭੁਰਦਾ ਭੁਰਦਾ ਭੁਰਦਾ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ, ਪੋਲੇ ਪੈਰੀਂ ਆ ਗਈ ਤੇਰੀ ਯਾਦ
ਸੁਲੱਖਣੀ। ਸ਼ਬਦ ਮੋਤੀਆਂ ਵਰਗੀ ਪੂੰਜੀ ਕਾਹਦੇ ਲਈ
ਮੈਂ ਸਾਂਭ ਕੇ ਰੱਖਣੀ। ਤੇਰਾ ਦਿੱਤਾ ਤੈਨੂੰ ਹੀ ਮੈਂ, ਕਿਣਕਾ
ਕਿਣਕਾ ਮੋੜ ਰਿਹਾ ਹਾਂ, ਤੂੰ ਨਾ ਮਿਲਦਾ, ਪੈ ਜਾਣੀ ਸੀ,
ਮੈਨੂੰ ਸਿੱਲ ਅਲੂਣੀ ਚੱਖਣੀ। ਗੁਰਭਜਨ ਗਿੱਲ


ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ
ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ
ਆਪਾਂ ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ
ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ
ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ।
ਗੁਰਭਜਨ ਗਿੱਲ


ਮਹਿਕ ਪਰੁੱਚਾ ਪੱਲੂ ਤੇਰਾ, ਕੋਲੋਂ ਖਹਿ ਕੇ ਲੰਘ ਗਿਆ
ਹੈ। ਕੁਝ ਪਲ ਬਹਿ ਜਾ,ਦਿਲ ਦੀ ਕਹਿ ਜਾ ਆਖਣ ਤੋਂ
ਮਨ ਸੰਗ ਗਿਆ ਹੈ। ਏਨਾ ਹੀ ਧਰਵਾਸ ਬਥੇਰਾ,
ਯਾਦਾਂ ਅੰਦਰ ਸਾਂਭ ਲਿਆ ਮੈਂ, ਪੋਲੇ ਕਦਮੀ ਤੁਰਨਾ
ਤੇਰਾ, ਮਨ ਦੀ ਦੁਨੀਆ ਰੰਗ ਗਿਆ ਹੈ।
ਗੁਰਭਜਨ ਗਿੱਲ



ਹਰ ਪਲ ਸਿੱਖਣਾ ਬਹੁਤ ਜ਼ਰੂਰੀ, ਜ਼ਿੰਦਗੀ ਜੋ ਵੀ
ਸਬਕ ਪੜ੍ਹਾਵੇ। ਹਰ ਇੱਕ ਕਦਮ ਕਿਤਾਬ ਦੇ
ਵਰਗਾ,ਜੇਕਰ ਬੰਦਾ ਪੜ੍ਹਨਾ ਚਾਹਵੇ। ਅੱਖਾਂ ਮੀਟ
ਗੁਜ਼ਾਰਾ ਕਰਕੇ, ਦਿਨ ਕਟੀਏ ਤਾਂ ਬਣ ਸਕਦੇ ਨੇ,
ਤਖ਼ਤ ਨਹੀਂ ਬਣ ਸਕਦੇ ਉਹ ਜੋ,ਰਹਿੰਦੇ ਨੇ ਪਾਵੇ ਦੇ
ਪਾਵੇ। ਗੁਰਭਜਨ ਗਿੱਲ


ਸਮੇਂ ਦੀ ਆਵਾਜ਼ ਸੁਣ ਚਿੜੀਏ ਨੀ ਚਿੜੀਏ। ਬਾਜ਼ਾਂ ਨੇ
ਹਨ੍ਹੇਰ ਪਾਇਆ ਆ ਜਾ ਰਲ਼ ਭਿੜੀਏ। ਫ਼ੌਜ
ਬਦਨੀਤਿਆਂ ਦੀ ਰਲ ਕੇ ਪਛਾੜੀਏ, ਹਉਮੈ ਦੇ ਪਹਾੜ
ਉੱਤੇ ਬੈਠ ਕੇ ਨਾ ਤਿੜੀਏ। ਗੁਰਭਜਨ ਗਿੱਲ


ਇੱਟਾਂ ਵੱਟਿਆਂ ਹੁਣ ਕੀ ਦੱਸਣੀ, ਰਾਤਾਂ ਵਾਲੀ ਦਰਦ
ਕਹਾਣੀ। ਛਮ ਛਮ ਵੱਸਦਾ ਅੱਖੀਆਂ ਵਿੱਚੋਂ ਹੰਝੂਆਂ
ਹਾਰ ਉਬਲਦਾ ਪਾਣੀ। ਬਸਤਾ ਕਲਮ ਦਵਾਤ ਜੋ ਰਹਿ
ਗਏ, ਬੰਦ ਬੂਹਿਆਂ ਦੇ ਮਗਰ ਵਿਚਾਰੇ, ਕਿੱਦਾਂ ਲਿਖਦੇ,
ਕਿਸਨੂੰ ਦੱਸਦੇ, ਰੂਹ ਦੀ ਕਸਕ ਕਿਸੇ ਨਾ ਜਾਣੀ।
ਗੁਰਭਜਨ ਗਿੱਲ



ਗਿਆਨਵਾਨ ਜਦ ਬੋਲਣ ਤਾਂ ਫਿਰ ਦਾਨਿਸ਼ਮੰਦ ਨੇ ਸੁਣਦੇ। ਖੋਟਾ ਖ਼ਰਾ ਪਛਾਨਣ ਨਾਲੇ ਪੜ੍ਹਿਆ ਸੁਣਿਆ ਪੁਣਦੇ। ਵਕਤ ਕੁਲਹਿਣਾ ਵੇਖੋ ਕੈਸਾ, ਸਾਡੇ ਸਾਹੀਂ ਰਲ਼ਿਆ, ਆਪਣਾ ਭਲਕ ਸੰਵਾਰਨ ਖ਼ਾਤਿਰ, ਭੁੱਲੀਏ ਮਸਲੇ ਹੁਣ ਦੇ। ਗੁਰਭਜਨ ਗਿੱਲ


ਦੂਰ ਪਹਾੜ ਦੇ ਪੈਰੀਂ ਖਿੜ ਪਏ, ਬਾਗ਼ ਮੁਹੱਬਤਾਂ ਵਾਲੇ।
ਸਾਡੇ ਰਾਹੀਂ ਮੇਖਾਂ ਗੱਡਦੇ, ਪੱਥਰ ਚਿੱਤ ਦੇ ਕਾਲ਼ੇ। ਪਾਪੀ
ਬੰਦੇ ਅੰਦਰੋਂ ਕੰਬਦੇ ਤਾਂਹੀਉਂ ਇਹ ਕੁਝ ਕਰਦੇ, ਕੁੱਲ
ਧਰਤੀ ਦੀਆਂ ਕੁੰਜੀਆਂ ਮੰਗਣ ਰਾਣੀ ਖ਼ਾਂ ਦੇ ਸਾਲੇ।
ਗੁਰਭਜਨ ਗਿੱਲ



ਅੱਜ ਤੂੰ ਯਾਦ ਕਰਾਇਆ ਮੈਨੂੰ, ਸੋਚ ਰਿਹਾ ਸਾਂ ਬੜੇ
ਚਿਰਾਂ ਤੋਂ। ਪੱਕੀਆਂ ਸੜਕਾਂ ਲੈ ਗਈਆਂ ਨੇ ਦੁੱਧ ਪੁੱਤ
ਵਰਗੇ ਸਾਕ ਗਿਰਾਂ ਤੋਂ। ਏਦਾਂ ਲੱਗਦੈ ਗੰਨੇ ਦੀ ਥਾਂ
ਚਰ੍ਹੀ ਦੇ ਟਾਂਡੇ ਚੂਪ ਰਿਹਾਂ ਹਾਂ, ਮਹਿਕ ਗੁਆਚੀ ਗੀਤਾਂ
ਵਿੱਚੋਂ, ਲਹਿ ਗਈ ਏ ਦਸਤਾਰ ਸਿਰਾਂ ਤੋਂ।

ਗੁਰਭਜਨ ਗਿੱਲ


ਸਾਂਭ ਲਿਆ ਕਰ ਕਿਣਕਾ ਕਿਣਕਾ, ਜੋ ਦੇਵੇ ਪਰਭਾਤ
ਸਵੇਰੇ। ਸੁਪਨੇ ਦਾ ਮੂੰਹ ਧੋਂਦੀਆਂ ਕਿਰਨਾਂ,ਤੇਰੇ ਰਾਹੋਂ
ਹੂੰਝਣ ‘ਨੇਰ੍ਹੇ। ਇਸ ਦਾ ਸੁਣ ਸੰਦੇਸ਼ ਸੁਹਾਵਾ, ਕੁੱਲ
ਦੁਨੀਆਂ ਹੈ ਤੇਰੀ ਦੌਲਤ, ਇਸ ਨੂੰ ਹੋਰ ਵਧਾ ਸਕਦਾ ਹੈਂ,
ਬੀਜ ਨੇਕੀਆਂ ਚਾਰ ਚੁਫ਼ੇਰੇ। ਗੁਰਭਜਨ ਗਿੱਲ


ਮੈਂ ਫੁੱਲਾਂ ਨੂੰ ਬਹੁਤ ਕਿਹਾ ਹੈ,ਰੁੱਤ ਕੰਡਿਆਲੀ ਕਿਉਂ
ਖਿੜਦੇ ਹੋ? ਦੇਣ ਮੋੜਵਾਂ ਉੱਤਰ ਮੈਨੂੰ,ਹੱਕ ਲਈ ਤੁਸੀਂ
ਕਿਉਂ ਭਿੜਦੇ ਹੋ?ਰੁੱਤ ਬਸੰਤੀ ਸਾਡਾ ਮੌਸਮ, ਨਾ ਖਿੜਨਾ
ਹੈ ਜੜ੍ਹ ਨੂੰ ਮਿਹਣਾ, ਸੂਰਜ ਨੂੰ ਇਹ ਕਹਿ ਨਾ ਬੈਠੀਂ,ਦਿਨ
ਨਾ ਫਿਰਦੇ,ਕਿਉਂ ਗਿੜਦੇ ਹੋ? ਗੁਰਭਜਨ ਗਿੱਲ


ਗੁਲਦਸਤੇ ਵਿੱਚ ਬਹੁਤੀ ਵਾਰੀ, ਫੁੱਲ ਹੁੰਦੇ ਨੇ, ਰੂਹ ਨਹੀਂ
ਹੁੰਦੀ। ਦੇਵਣਹਾਰ ਦੇ ਮਨ ਵਿੱਚ ਕੀ ਹੈ, ਇਸ ਦੀ
ਬਿਲਕੁਲ ਸੂਹ ਨਹੀਂ ਹੁੰਦੀ। ਜ਼ਿੰਦਗੀ ਬਣੀ ਅਜਾਇਬ
ਘਰ ਹੈ,ਕਿੰਜ ਸਮਾਨ ਚਿਣੇ ਨੇ ਹਰ ਥਾਂ, ਆਸ ਕਰੀਂ
ਨਾ,ਪਿਆਸ ਬੁਝਾਊ, ਲੱਜ ਤੇ ਭੌਣੀ ਖੂਹ ਨਹੀਂ ਹੁੰਦੀ।
ਗੁਰਭਜਨ ਗਿੱਲ


ਡੁੱਬ ਚੱਲਿਆ ਹਾਂ ਵਾਹਵਾ ਡੂੰਘਾ, ਦਿਲ ਦਰਿਆ ਵਿੱਚ
ਤਰਦਾ ਤਰਦਾ। ਹਾਏ! ਮੇਰੀ ਜਾਨ ਬਚਾ ਲੈ, ਮੁੜ ਕੇ
ਇਹ ਗਲਤੀ ਨਹੀਂ ਕਰਦਾ। ਮਾਨਸਰਾਂ ਦੇ ਮੋਤੀ ਚੁਗਣੇ,
ਰੀਸ ਹੰਸ ਦੀ ਕਿਉਂ ਕਰ ਬੈਠਾ, ਗਲ਼ ਦੇ ਅੰਦਰ ਬੁਰਕੀ
ਫਸ ਗਈ, ਬਚਿਆ ਹਾਂ ਅੱਜ ਮਰਦਾ ਮਰਦਾ।
ਗੁਰਭਜਨ ਗਿੱਲ



ਸਦੀਆਂ ਲੰਮਾ ਸਫ਼ਰ ਮੁਕਾ ਕੇ, ਮੇਰੇ ਹੱਥ ਜੇ ਅੱਜ ਵੀ
ਕੜੀਆਂ। ਧਰਤੀ ਦੀ ਧੀ ਪੁੱਛਦੀ ਸਾਥੋਂ, ਕਿਹੜੇ ਕੰਮ
ਕਿਤਾਬਾਂ ਪੜੀਆਂ। ਮੇਰੀ ਇੱਕ ਤਸਵੀਰ ਤੁਹਾਡੇ ਹੱਥਾਂ
ਦੇ ਵਿੱਚ ਆ ਗਈ ਕਿਤਿਓਂ, ਮੇਰੇ ਜਹੀਆਂ ਸੰਗਲ
ਬੱਧੀਆਂ ਹਰ ਧਰਤੀ ਤੇ ਧੀਆਂ ਬੜੀਆਂ।

ਗੁਰਭਜਨ ਗਿੱਲ



ਨੀਮ ਗੁਲਾਬੀ ਹੋਠਾਂ ਉੱਤੋਂ, ਚੁੱਪ ਦੇ ਜੰਦਰੇ ਖੋਲ੍ਹ ਦਿਆ
ਕਰ । ਦਿਲ ਦੀ ਧੜਕਣ ਜੋ ਕਹਿੰਦੀ ਏ, ਝਿਜਕ ਬਿਨਾ
ਤੂੰ ਬੋਲ ਦਿਆ ਕਰ । ਪਲਕਾਂ◌ ਅੰਦਰ ਹੰਝੂ ਵੇਖੀਂ,
ਪੱਥਰ ਨਾ ਹੋ ਜਾਵਣ ਕਿਧਰੇ, ਬਰਸਣ ਗ਼ਮ ਦੇ ਬੱਦਲ
ਜਦ ਵੀ, ਅੱਖੀਆਂ ਥਾਣੀਂ ਡੋਲ੍ਹ ਦਿਆ ਕਰ।

ਗੁਰਭਜਨ ਗਿੱਲ


ਵਾਤਾਵਰਣ ਵਿਗੜਦਾ ਜਾਵੇ, ਲਾ ਦੇਈਏ ਵਿਸ਼ਵਾਸ ਦਾ ਬੂਟਾ। ਬਹੁਤ ਜ਼ਰੂਰੀ ਮਨ ਵਿੱਚ ਲਾਉਣਾ, ਖੇੜੇ ਵੰਡਦੀ ਆਸ ਦਾ ਬੂਟਾ। ਮਨ ਪਰਦੇਸੀ ਘਰ ਨਹੀਂ ਮੁੜਿਆ, ਡਗਮਗ ਡਗਮਗ ਡੋਲ ਰਿਹਾ ਹੈ, ਰੋਜ਼ ਦਿਹਾੜੀ ਫ਼ੈਲ ਰਿਹਾ ਹੈ, ਅਜਬ ਜਹੇ ਬਨਵਾਸ ਦਾ ਬੂਟਾ। ਗੁਰਭਜਨ ਗਿੱਲ



ਮਨ ਦੀ ਬਸਤੀ ਵੇਖਣ ਨੂੰ ਤਾਂ, ਉੱਸਰੀ ਹੈ, ਆਬਾਦ ਨਹੀਂ । ਏਸੇ ਕਰਕੇ ਇਨਕਲਾਬ ਵੀ, ਓਨਾ ਜ਼ਿੰਦਾਬਾਦ ਨਹੀਂ । ਬਾਗਾਂ ਵਾਲੇ ਬਾਗਬਾਨ ਸਭ, ਠੇਕੇਦਾਰ ਬਣਾ ਸੁੱਟੇ, ਬਿਰਖ ਬਰੂਟੇ ਉੱਜੜ ਚੱਲੇ, ਮਾਲੀ ਨੂੰ ਕੁਝ ਯਾਦ ਨਹੀਂ। ਗੁਰਭਜਨ ਗਿੱਲ



ਸ਼ਹਿਰ ਖਾਮੋਸ਼ ਦੇ ਬੂਹੇ ਬੰਦ ਨੇ, ਮੂੰਹ ਵਿਚ ਜਿਵੇਂ ਜ਼ਬਾਨ ਨਹੀਂ ਹੈ । ਇੰਜ ਕਿਉਂ ਲੱਗਦੈ, ਏਸ ਨਗਰ ਦੇ ਬਿਰਖ਼ਾਂ ਵਿੱਚ ਵੀ ਜਾਨ ਨਹੀਂ ਹੈ ।  ਪੈਰ ਪੈਰ ਤੇ ਬਹੁਤ ਖ਼ੁਦਾ ਨੇ, ਪੱਥਰਾਂ ਵਾਲੀ ਜੂਨ ਪਏ ਜੋ, ਬੜੀਆਂ ਭੀੜਾਂ ਚਾਰ ਚੁਫ਼ੇਰੇ, ਇੱਕ ਵੀ ਤਾਂ ਇਨਸਾਨ ਨਹੀਂ ਹੈ।

ਗੁਰਭਜਨ ਗਿੱਲ



ਇਸ ਤਰ੍ਹਾਂ ਕਿਉਂ ਜਾਪਦਾ,ਨੀਵਾਂ ਹੈ ਅੰਬਰ ਹੋ ਗਿਆ।
ਮਿਲਣ ਆਇਆ ਧਰਤ ਨੂੰ, ਮਿਲ ਕੇ ਬਰਾਬਰ ਹੋ
ਗਿਆ । ਮਾਰ ਕੇ ਆਵਾਜ਼ ਮਗਰੋਂ, ਤੂੰ ਸੀ ਮੈਨੂੰ ਕੀ
ਕਿਹਾ, ਯਾਦ ਨਹੀਂ ਪਰ ਵੇਖ ਲੈ ਇਹ ਦਿਲ ਤਾਂ ਕਾਫ਼ਰ
ਹੋ ਗਿਆ।

ਗੁਰਭਜਨ ਗਿੱਲ



ਸੁੱਕਦੇ ਸੁੱਕਦੇ ਸੁੱਕ ਚੱਲੇ ਨੇ, ਯਾਰ ਮੇਰੇ ਦਰਿਆਵਾਂ ਵਰਗੇ । ਧਰਤੀ ਮਾਂ ਦੇ ਸਿਦਕੀ ਬੂਟੇ, ਅੰਬਰ ਤੀਕ ਸਦਾਵਾਂ ਵਰਗੇ । ਸ਼ਬਦ ਪਵਿੱਤਰ ਵਾਕ ਜਹੇ ਤੇ, ਰੂਹ ਦੇ ਅੰਦਰੋਂ ਬਾਹਰੋਂ ਭੇਤੀ, ਬਿਨ ਬੋਲਣ ਤੋਂ ਜਾਨਣ ਵਾਲੇ, ਬਹੁਤ ਮੁਕੱਦਸ* ਥਾਵਾਂ ਵਰਗੇ। ਗੁਰਭਜਨ ਗਿੱਲ


ਸਦੀਆਂ ਤੋਂ ਹੀ ਲੋਕ ਵਿਚਾਰੇ, ਮੁਕਤੀ ਖ਼ਾਤਰ ਸੋਚ ਰਹੇ
ਨੇ । ਚਤੁਰ ਸ਼ਿਕਾਰੀ ਰੀਝਾਂ ਸੁਪਨੇ, ਨਾਲੋ ਨਾਲ ਦਬੋਚ
ਰਹੇ ਨੇ । ਸਾਡੇ ਬੱਚਿਆਂ ਦੇ ਮੱਥਿਆਂ ਤੇ, ਖ਼ੁਰਚਣਗੇ
ਹੁਣ ਏ. ਬੀ. ਸੀ. ਡੀ., ਊੜੇ ਐੜੇ ਵਾਲੀ ਤਖ਼ਤੀ ਗੂੜ੍ਹ-
ਗਿਆਨੀ ਪੋਚ ਰਹੇ ਨੇ। ਗੁਰਭਜਨ ਗਿੱਲ



ਰਾਤੀਂ ਤੈਨੂੰ ਯਾਦ ਕਰਦਿਆਂ, ਵਾਹਵਾ ਲੜਿਆਂ ਤੇਰੇ
ਨਾਲ । ਉਸ ਤੋਂ ਮਗਰੋਂ ਕੀ ਦੱਸਾਂ ਮੈਂ ਕੀ ਕੁਝ ਹੋਇਆ
ਮੇਰੇ ਨਾਲ । ਸਿਰ ਸੂਹੀ ਫੁਲਕਾਰੀ ਲੈ ਕੇ, ਲੱਗਿਆ ਤੂੰ
ਹੈਂ ਕੋਲ ਖੜ੍ਹੀ, ਭਰਮ ਛਲਾਵਾ ਕਿਉਂ ਇੰਜ ਕੀਤਾ, ਭੋਲ਼ੇ
ਮਨ ਤੂੰ ਮੇਰੇ ਨਾਲ। ਗੁਰਭਜਨ ਗਿੱਲ


ਸ਼ਬਦ ਹਮੇਸ਼ਾਂ ਚੁੱਪ ਰਹਿੰਦੇ ਨੇ, ਜਿਸ ਵੇਲੇ ਕਿਰਦਾਰ
ਬੋਲਦਾ । ਵਕਤ ਹੁੰਗਾਰਾ ਭਰਦਾ ਆਪੇ, ਸੁਣ ਕੇ
ਮਹਿਰਮ ਯਾਰ ਬੋਲਦਾ । ਧਰਤ, ਆਕਾਸ਼, ਪਾਤਾਲ ਤੇ
ਚੌਥਾ ਕੁੱਲ ਸ੍ਰਿਸ਼ਟੀ ਰੌਣਕ-ਮੇਲਾ, ਸਗਲ ਬਨਸਪਤਿ
ਗਾਉਂਦੀ ਜਾਪੇ, ਜਦ ਤੂੰ ਅੰਦਰਵਾਰ ਬੋਲਦਾ।
ਗੁਰਭਜਨ ਗਿੱਲ

ਸਬਰ ਸਿਦਕ ਸੰਤੋਖ ਸਮਰਪਣ, ਸੁਹਜ ਸਲੀਕਾ
ਸ਼ਾਮਿਲ ਕਰ ਦੇ । ਮਹਿੰਗੇ ਮੁੱਲ ਦੇ ਮਾਣਕ-ਮੋਤੀ, ਭਰ
ਭਰ ਮੁੱਠੀਆਂ ਝੋਲੀ ਭਰ ਦੇ । ਬਹੁਤ ਦਿਨਾਂ ਤੋਂ ਗੱਲ
ਨਹੀਂ ਹੋਈ, ਨਬਜ਼ ਖਲੋਤੀ ਹੋਵੇ ਜੀਕਣ, ਮਿੱਟੀ ਦਾ ਬੁੱਤ
ਬੋਲਣ ਲਾ ਦੇ, ਮਾਰ ਆਵਾਜ਼ ਜਿਉਂਦਾ ਕਰ ਦੇ।
ਗੁਰਭਜਨ ਗਿੱਲ



ਜ਼ਿੰਦਗੀ ਤੇਰੇ ਵਰਗੇ ਸੱਜਣ ਸਾਰੇ ਨਹੀਂ ਹੁੰਦੇ । ਕਰਦੇ ਜੋ
ਇਕਰਾਰ, ਕਦੇ ਉਹ ਲਾਰੇ ਨਹੀਂ ਹੁੰਦੇ । ਸੜਕਾਂ ਕੰਢੇ
ਪਲਦੇ ਬਾਲ ਝਲੂੰਗੀ ਅੰਦਰ ਜੋ, ਕਿਹੜਾ ਕਹਿੰਦੈ, ਮਾਂ
ਦੀ ਅੱਖ ਦੇ ਤਾਰੇ ਨਹੀਂ ਹੁੰਦੇ। ਗੁਰਭਜਨ ਗਿੱਲ


ਢੇਰੀ ਢਾਹ ਕੇ ਬਹਿ ਜਾਂਦਾ ਏਂ, ਏਸ ਤਰ੍ਹਾਂ ਨਾ ਕਰਿਆ ਕਰ ਤੂੰ । ਮਰਨ-ਦਿਹਾੜਾ ਜੇਕਰ ਮਿਥਿਆ, ਜੀਂਦੇ ਜੀਅ ਨਾ ਮਰਿਆ ਕਰ ਤੂੰ ।  ਆਪੇ ਕਹਿੰਦੈਂ, ਚਾਰ ਦਿਹਾੜੇ, ਇਹ ਜ਼ਿੰਦਗਾਨੀ, ਭਰਮ ਬੁਲਬੁਲਾ, ਕੂੜ, ਕੁਫ਼ਰ ਜੇ ਮਿਲਖ਼ ਜਾਗੀਰਾਂ, ਨਾ ਝੋਲ਼ੀ ਵਿੱਚ ਭਰਿਆ ਕਰ ਤੂੰ। ਗੁਰਭਜਨ ਗਿੱਲ



ਬਿਨ ਮਿਲਿਆਂ ਤੂੰ ਮੇਰੇ ਦਿਲ ਦੀ, ਬਾਤ ਕਿਸ ਤਰ੍ਹਾਂ
ਕਹਿ ਜਾਂਦਾ ਏਂ? ਰੂਹ ਦੇ ਧੁਰ ਅੰਦਰ ਬਿਨ ਪੌੜੀ, ਦੱਸੀਂ
ਕਿੱਸਰਾਂ ਲਹਿ ਜਾਂਦਾ ਏਂ? ਸੁਪਨੇ ਅੰਦਰ ਦਸਤਕ ਦੇ ਕੇ,
ਉਹਨੀਂ ਪੈਰੀਂ ਮੁੜ ਹੈਂ ਜਾਂਦਾ, ਓਸੇ ਨਾਲ ਗੁਫ਼ਤਗੂ ਮੇਰੀ,
ਜਿੰਨਾ ਪਿੱਛੇ ਰਹਿ ਜਾਂਦਾ ਏਂ। ਗੁਰਭਜਨ ਗਿੱਲ


ਏਸ ਵਤਨ ਵਿੱਚ ਘਰ ਕਿੱਥੇ ਹੈ, ਖ਼ਾਲੀ
ਚਾਰਦੀਵਾਰੀਆਂ ਨੇ । ਲੱਭਦਿਆਂ ਇਹ ਉਮਰਾ ਬੀਤੀ,
ਤਾਂ ਹੀ ਅੱਖੀਆਂ ਭਾਰੀਆਂ ਨੇ । ਮੇਰੇ ਪੈਰੀਂ ਬਚਪਨ ਤੋਂ
ਹੀ, ਬੱਝ ਗਏ ਪਰਬਤ, ਦਿਸਦੇ ਨਹੀਂ, ਅਪਣੇ ਤੋਂ ਹੀ
ਅਪਣੇ ਤੀਕਰ, ਤਾਂਹੀਉਂ ਸਗਲ ਉਡਾਰੀਆਂ ਨੇ।
ਗੁਰਭਜਨ ਗਿੱਲ




ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ
ਅਡੋਲ ਰਹੇ । ਅਕਲ ਦੀ ਸੰਗਲੀ, ਫੜ ਲੈ ਘੁੱਟਕੇ,
ਖਿਸਕੇ ਨਾ ਇਹ ਕੋਲ ਰਹੇ ।  ਹਰ ਮੰਜ਼ਿਲ ਹੀ ਖ਼ੁਦ
ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ, ਪਰਪੱਕ ਨਿਸ਼ਚਾ
ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ ।

ਗੁਰਭਜਨ ਗਿੱਲ



ਪਲਕਾਂ ਉਹਲੇ ਲੁਕਿਆ ਸੂਰਜ, ਚੜ੍ਹਦਾ ਤਾਂ ਪਰਭਾਤ ਵੇਖਦੇ । ਚੁੱਪ ਦੀ 'ਨ੍ਹੇਰ ਗੁਫ਼ਾ ਵਿੱਚ ਰਹਿੰਦੇ ਮਰ ਚੱਲੇ ਹਾਂ ਰਾਤ ਵੇਖਦੇ । ਨੀਵੀਂ ਨਜ਼ਰ ਕਰੇਂ, ਨਾ ਬੋਲੇਂ, ਹੋਠੀਂ ਜੰਦਰੇ ਲਾ ਨਾ ਭਲੀਏ, ਦੋ ਹਿਰਨੋਟੇ ਨੈਣ ਤੇਰੇ ਕਿਉਂ ਨਾ ਮੇਰੇ ਜਜ਼ਬਾਤ ਵੇਖਦੇ । ਗੁਰਭਜਨ ਗਿੱਲ



ਕੀਹਦੀ ਏ ਮਜਾਲ ਸਾਨੂੰ ਡੱਬੀ ਵਿੱਚ ਪਾ ਲਵੇ । ਮਹਿਕ ਦਾ ਵਜੂਦ, ਭਾਵੇਂ ਸਾਹਾਂ ਵਿੱਚ ਸਾਹ ਲਵੇ । ਏਨੀ ਗੱਲ ਸਾਫ਼, ਮੈਂ ਨਹੀਂ ਕੱਪੜਾ, ਵਜੂਦ ਹਾਂ, ਜਦੋਂ ਦਿਲ ਕਰੇ ਮੈਨੂੰ ਪਾ ਲਵੇ ਤੇ ਲਾਹ ਲਵੇ। ਗੁਰਭਜਨ ਗਿੱਲ


ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ ਬਣਨਾ
। ਤੁਸੀਂ ਰਾਹਾਂ 'ਚ ਛਾਂ ਬਣਨਾ, ਕਦੇ ਦੀਵਾਰ ਨਹੀਂ
ਬਣਨਾ । ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ 'ਚ
ਘੁਲ ਮਿਲ ਕੇ, ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ ਭਾਰ
ਨਹੀਂ ਬਣਨਾ। ਗੁਰਭਜਨ ਗਿੱਲ



ਬੜਾ ਹੀ ਵਰਜਿਆ ਖੁਦ ਨੂੰ ਇਹ ਕਹਿਣੋਂ ਰਹਿ ਨਹੀਂ ਸਕਦਾ । ਮੈਂ ਤੇਰੇ ਵਾਸਤੇ ਤਾਂ ਹੋਰ ਹੇਠਾਂ ਲਹਿ ਨਹੀਂ ਸਕਦਾ । ਅਧੂਰੀ ਗੁਫ਼ਤਗੂ ਛੱਡ ਕੇ ਤੂੰ ਮੁੜ ਕੇ ਬਾਤ ਨਾ ਛੋਹੀ, ਮੈਂ ਤੇਰੀ ਬੇਰੁਖ਼ੀ ਏਨੀ ਵੀ ਜਿੰਦੇ ਸਹਿ ਨਹੀਂ ਸਕਦਾ। ਗੁਰਭਜਨ ਗਿੱਲ



ਪੌਣਾਂ ਹੱਥ ਸੁਨੇਹਾ ਘੱਲਿਆ, ਇਸ ਨੂੰ ਖ਼ੁਦ ਪਰਵਾਨ
ਕਰੋ ਜੀ । ਏਨੀ ਡੂੰਘੀ ਚੁੱਪ ਧਾਰੀ ਹੈ, ਕੁਝ ਤਾਂ ਮੇਰੀ
ਜਾਨ ਕਰੋ ਜੀ । ਦਸਤਕ ਦੇ ਦੇ ਹਾਰ ਗਿਆ ਹਾਂ, ਬੂਹਾ
ਬੰਦ ਹੈ ਖੁੱਲ੍ਹਿਆ ਨਹੀਂ ਜੇ, ਆਖ ਦਿਓ, ਤੂੰ ਵਾਪਸ ਮੁੜ
ਜਾ, ਏਨਾ ਤਾਂ ਅਹਿਸਾਨ ਕਰੋ ਜੀ। ਗੁਰਭਜਨ ਗਿੱਲ


ਜ਼ਿੰਦਗੀ 'ਚ ਕਦੇ ਬੀਬਾ ਏਸਰਾਂ ਨਹੀਂ ਕਰੀਦਾ ।
ਬੁਰਿਆਂ ਦੀ ਬਾਤ ਦਾ ਹੁੰਗਾਰਾ ਵੀ ਨਹੀਂ ਭਰੀਦਾ ।
ਬਹਿਣ ਤੇ ਖਲੋਣ ਵੇਲੇ ਇੱਕੋ ਗੱਲ ਜਾਣ ਲੈ, ਸੱਚ ਪੱਲੇ
ਹੋਵੇ, ਕੱਲ੍ਹੇ ਹੋਣ ਤੋਂ ਨਹੀਂ ਡਰੀਦਾ । ਗੁਰਭਜਨ ਗਿੱਲ


ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ
ਜਾਂਦੀ ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ
ਲਾ ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ
ਉਹ ਪਲ ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ,
ਯਾਦ ਤੇਰੀ ਤਾਂ ਆ ਜਾਂਦੀ ਹੈ। ਗੁਰਭਜਨ ਗਿੱਲ



ਕਰਾਮਾਤ ਨਹੀਂ, ਹੋ ਸਕਦਾ ਹੈ, ਕੌਂਪਲ ਫੁੱਟ ਪਏ ਲਾਵੇ
'ਚੋਂ। ਪਿੱਲੀਆਂ ਇੱਟਾਂ ਨਿਕਲ ਸਕਦੀਆਂ ਭਖ਼ਦੇ
ਅਗਨੀ ਆਵੇ 'ਚੋਂ। ਦੂਰ ਦ੍ਰਿਸ਼ਟੀ ਵਾਲੇ ਸੱਜਣ ਵੇਖਣ
ਸਮਿਉਂ ਪਹਿਲਾਂ ਵੇਖਣ ਇਹ, ਸੂਹਾ ਫੁੱਲ ਵੀ ਖਿੜ
ਸਕਦਾ ਹੈ, ਨਿੱਕੜੇ ਬੂਟੇ ਸਾਵੇ 'ਚੋਂ। ਗੁਰਭਜਨ ਗਿੱਲ



ਲੋਕਤੰਤਰਾ ਕਿੱਥੇ ਲੁਕਿਆ, ਦਿੱਲੀ ਹੁਣ ਦਰਬਾਰ ਨਹੀਂ ਹੈ। ਮੈ ਪਰਜਾ ਨਾ ਰਾਜਾ ਹੁਣ ਤੂੰ , ਮੁਗਲਾਂ ਦੀ ਸਰਕਾਰ ਨਹੀਂ ਹੈ। ਜਨਪਥ ਅੰਦਰ ਵਰਜਿਤ ਜਨ ਹੈ, ਗਣ ਬਿਨ ਦੱਸ ਗਣਤੰਤਰ ਕਾਹਦਾ, ਹਿੱਕ ਤੇ ਹੱਥ ਧਰੀਂ ਫਿਰ ਦੱਸੀਂ, ਕੀ ਇਹ ਅੱਤਿਆਚਾਰ ਨਹੀਂ ਹੈ।

ਗੁਰਭਜਨ ਗਿੱਲ


ਉਹ ਤਾਂ ਸਮਝ ਰਹੇ ਸੀ ਜੰਗਲ ਅਗਨ ਹਵਾਲੇ ਕਰਕੇ।
ਪੱਤੀ ਪੱਤੀ ਰਾਖ਼ ਬਣੀ ਹੈ, ਕਿੰਜ ਉੱਠੇਗੀ ਮਰ ਕੇ। ਪਰ
ਜ਼ਰਖ਼ੇਜ਼ ਜ਼ਮੀਨ, ਜ਼ਮੀਰਾਂ ਮਰਨ ਕਦੇ ਨਾ ਸ਼ਾਹੋ, ਅਸੀਂ
ਜਿਉਂਦੇ ਅਸੀਂ ਜਾਗਦੇ, ਸਦਾ ਹੋਣੀਆਂ ਵਰ ਕੇ।
ਗੁਰਭਜਨ ਗਿੱਲ


ਸਦੀਆਂ ਤੋਂ ਹੀ ਵੇਖ ਰਹੇ ਹਾਂ ਬਦਨੀਤਾਂ ਦਾ ਮੂੰਹ ਸਿਰ
ਕਾਲ਼ਾ। ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ, ਓਹਲੇ
ਵਿੱਚ ਹੀ ਘਾਲ਼ਾ ਮਾਲ਼ਾ। ਥੈਲੀਸ਼ਾਹ ਦੀ ਕਰਨ
ਦਲਾਲੀ, ਮੀਸਣੀਆਂ ਮੁਸਕਾਨਾਂ ਵਾਲੇ, ਮਣਕਾ ਮਣਕਾ
ਕਰ ਸੁੱਟਦੇ ਨੇ,ਮੁਸ਼ਕਲ ਨਾਲ ਪਰੋਈ ਮਾਲ਼ਾ।
ਗੁਰਭਜਨ ਗਿੱਲ







ਮੰਜ਼ਿਲ ਬਹੁਤੀ ਦੂਰ ਨਾ ਹੁੰਦੀ , ਜੇਕਰ ਸਾਫ਼ ਨਿਸ਼ਾਨਾ ਹੋਵੇ। ਨਿਸ਼ਚਾ, ਹਿੰਮਤ, ਚਾਅ ਪਹੁੰਚਣ ਦਾ, ਚੌਥਾ ਤਨ ਨਜ਼ਰਾਨਾ ਹੋਵੇ। ਮੁਸ਼ਕਿਲ ਦੀ ਵੀ ਜ਼ੁਅਰਤ ਪਵੇ ਨਾ, ਐਸੇ ਰਾਹੀ ਦਾ ਰਾਹ ਰੋਕੇ, ਪਰਬਤ ਦੀ ਚੋਟੀ ਤੋਂ ਵੇਖਿਉ, ਆਪੇ ਮਗਰ ਜ਼ਮਾਨਾ ਹੋਵੇ। ਗੁਰਭਜਨ ਗਿੱਲ





ਯਾਦ ਤੇਰੀ ਦੀ ਗੰਧ ਕਥੂਰੀ ਦਿਲ ਦੇ ਤਾਰ ਹਿਲਾ
ਜਾਂਦੀ ਹੈ। ਸ਼ਬਦਾਂ ਦੀ ਸਤਰੰਗੀ ਲੀਲ੍ਹਾ, ਬੁੱਤ ਨੂੰ ਬੋਲਣ
ਲਾ ਜਾਂਦੀ ਹੈ। ਸੱਚ ਪੁੱਛੇਂ ਤਾਂ ਰੂਹ ਨਸ਼ਿਆਵੇ,ਜਦ ਵੀ
ਉਹ ਪਲ ਚੇਤੇ ਆਵੇ, ਤੂੰ ਭਾਵੇਂ ਮੁੜ ਫੇਰ ਮਿਲੀ ਨਾ,
ਯਾਦ ਤੇਰੀ ਤਾਂ ਆ ਜਾਂਦੀ ਹੈ। ਗੁਰਭਜਨ ਗਿੱਲ


ਅਸੀਂ ਤੇ ਯਾਰੋ ਓਸ ਗੁਰੂ ਦੇ ਜਨਮ ਜ਼ਾਤ ਹਾਂ ਚੇਲੇ। ਜਿਸ
ਨੇ ਦੱਸਿਆ ਧਨ ਤੇ ਦੌਲਤ ਸਿਰਫ਼ ਮਿੱਟੀ ਦੇ ਢੇਲੇ।
ਅਸਲੀ ਦੌਲਤ ਪਿਆਰ ਮੁਹੱਬਤ ਦਰਦ ਕਿਸੇ ਦਾ ਜਾਣੋ,
ਪੈਰੀਂ ਹੱਥ ਕਦੇ ਨਾ ਲਾਈਏ, ਦਿਲ ਮਿਲਿਆਂ ਦੇ ਮੇਲੇ।
ਗੁਰਭਜਨ ਗਿੱਲ


ਇਹ ਵਰਕਾ ਤੂੰ ਕਿੱਥੋਂ ਪੜ੍ਹਿਆ ,ਹਰ ਵੇਲੇ ਹੀ ਝੁਰਦੇ
ਰਹਿਣਾ। ਸਾਬਣ ਦੀ ਚਾਕੀ ਦੇ ਵਾਂਗੂੰ, ਕਿਣ ਮਿਣ ਥੱਲੇ
ਖ਼ੁਰਦੇ ਰਹਿਣਾ। ਸਾਬਤ ਸਿਦਕ ਸਰੂਪ ਸੁਤੰਤਰ ਸਿਰੜ
ਸਮਰਪਣ ਸਾਂਭ ਲਵੇਂ ਜੇ, ਮੰਜ਼ਿਲ ਨੇੜੇ ਆ ਜਾ ਜਾਵੇਗੀ,
ਭੁੱਲੇਂ ਨਾ ਜੇ ਤੁਰਦੇ ਰਹਿਣਾ। ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ। ਪੀਂਘ ਪਈ ਅਸਮਾਨੀ ਵਿਚਲੇ ਸੱਤੇ ਰੰਗ
ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ ਤੂੰ, ਇਹ
ਪਲ ਜੀਣ ਸਿਖਾ ਸਕਦਾ ਹੈ। ਗੁਰਭਜਨ ਗਿੱਲ
Good Morning

5:54

You

23/06/25, 5:54 AM



ਅੱਗ ਦੇ ਅਨਾਰ ਨਾ ਚਲਾਇਆ ਕਰੋ ਦੋਸਤੋ! ਜ਼ਿੰਦਗੀ ਤਾਂ ਜ਼ਸ਼ਨ, ਮਨਾਇਆ ਕਰੋ ਦੋਸਤੋ! ਆਪਣੀ ਹੀ ਅੱਗ ਵਿਚ ਜਿਹੜੇ ਸੜੀ ਜਾਂਦੇ ਨੇ, ਐਸੇ ਨਾਮੁਰਾਦ ਨਾ ਬੁਲਾਇਆ ਕਰੋ ਦੋਸਤੋ!ਗੁਰਭਜਨ ਗਿੱਲ

Reply





ਖ਼ਤ ਲਿਖਿਆ ਤੂੰ, ਪੜ੍ਹਿਆ ਮੈਂ ਵੀ ਹਿੰਮਤ ਕਰਕੇ। ਕਿੱਦਾਂ ਦੱਸਾਂ, ਬੀਤ ਰਹੀ ਹਟਕੋਰੇ ਭਰ ਕੇ। ਜਿੱਥੇ ਲਿਖਣੀ ਛੱਡ ਗਿਆ ਸੀ, ਪਾਟੀ ਚਿੱਠੀ, ਉਸ ਤੋਂ ਅੱਗੇ ਸਾਰੇ ਹੀ ਨੇ ਕੋਰੇ ਵਰਕੇ। ਗੁਰਭਜਨ ਗਿੱਲ


Good Morning
ਸਮਝ ਲਿਆ ਕਰ ਖ਼ੁਸ਼ਬੂ ਜਹੀਏ, ਹਰ ਰਿਸ਼ਤੇ ਦਾ ਨਾਂ
ਨਹੀਂ ਹੁੰਦਾ। ਯਾਦ ਕਰਨ ਤੇ ਮਿਲ ਜਾਈਏ ਜਦ, ਇੱਕ
ਵੀ ਕਦਮ ਅਗਾਂਹ ਨਹੀਂ ਹੁੰਦਾ। ਧਰਤੀ ਸੂਰਜ ਰੋਜ਼
ਮਿਲਣ ਪਰ ਇਹ ਕੀ ਲੇਖ ਲਿਖਾਏ ਦੋਹਾਂ, ਮੁਲਾਕਾਤ
ਲਈ ਅਜ਼ਲਾਂ ਤੋਂ ਹੀ ਕੋਈ ਵੀ ਨਿਸ਼ਚਤ ਥਾਂ ਨਹੀਂ ਹੁੰਦਾ।
ਗੁਰਭਜਨ ਗਿੱਲ
Anil


ਕਿੰਨੇ ਫੁੱਲ ਜ਼ਮੀਨ ਤੇ ਕਿਰ ਗਏ, ਬਿਰਖ਼ ਕਦੇ
ਪਛਤਾਉਂਦਾ ਨਹੀਂਓਂ। ਮਾਂ ਦੇ ਕੋਲੋਂ ਲੈਂਦਾ ਦੇਂਦਾ,ਤਾਂ ਹੀ ਤਾਂ
ਘਬਰਾਉਂਦਾ ਨਹੀਂਓਂ। ਹਰ ਮੌਸਮ ਵਿੱਚ ਨਵੇਂ ਸ਼ਗੂਫ਼ੇ,
ਪੱਤਰ, ਫੁੱਲ , ਫ਼ਲਾਂ ਦੇ ਗੁੱਛੇ, ਸਰਲ ਸਬਕ ਕਿਓਂ ਤੈਨੂੰ
ਮੈਨੂੰ, ਸਮਝ ਕਦੇ ਵੀ ਆਉਂਦਾ ਨਹੀਂਓਂ। ਗੁਰਭਜਨ
ਗਿੱਲ


ਸੋਚ ਸਮਝ ਕੇ ਜੀਣ ਜੋਗਿਆ, ਖ਼ੁਸ਼ਬੂ ਨਾਲ ਤੂੰ ਰਿਸ਼ਤਾ
ਜੋੜੀਂ। ਮੋਹ ਦੀਆਂ ਤੰਦਾਂ ਨਾਜ਼ਕ ਹੁੰਦੀਆਂ ,ਵੇਖੀਂ ਤੂੰ
ਵਿਸ਼ਵਾਸ ਨਾ ਤੋੜੀਂ। ਮਿਲੀਏ ਜਾਂ ਨਾ ਮਿਲੀਏ
ਭਾਵੇਂ ,ਏਸ ਜਨਮ ਵਿੱਚ ਫੇਰ ਦੋਬਾਰਾ, ਮੇਰੀ ਰੂਹ
ਰੁਸ਼ਨਾਉਣ ਵਾਲਿਆ ,ਵੇਖੀਂ ਕਿਧਰੇ ਕੰਡ ਨਾ ਮੋੜੀਂ।
ਗੁਰਭਜਨ ਗਿੱਲ


ਰੰਗ ਭਰ ਦੇ, ਖ਼ੁਸ਼ਬੋਈ ਭਰ ਦੇ,ਸਾਰਾ ਬਾਗ਼ ਹਵਾਲੇ
ਤੇਰੇ। ਸੱਚ ਪੁੱਛੇਂ ਤਾਂ ਮਿਹਨਤ ਕਰਨਾ, ਏਨਾ ਕੰਮ ਹੀ ਹੱਥ
ਵੱਸ ਮੇਰੇ। ਤੇਰੀ ਰਹਿਮਤ ਹੋ ਜਾਵੇ ਤਾਂ ਥੋਹਰਾਂ ਤੇ ਵੀ
ਫੁੱਲ ਖਿੜਦੇ ਨੇ, ਕਣ ਕਣ ਅੰਦਰ ਨੂਰ ਪਸਾਰਾ,
ਜਗਮਗ ਜਗਮਗ ਕਰੇਂ ਚੁਫ਼ੇਰੇ। ਗੁਰਭਜਨ ਗਿੱਲ



ਜਾਨ ਤੋਂ ਪਿਆਰੇ ਜੇ ਨਾ ਮਾਨਣ ,ਖੁਸ਼ੀਆਂ ਜਾਣ ਕਰੰਡੀਆਂ। ਮੋਹ ਦੇ ਪਾਣੀ ਬਾਝੋਂ ਤਰਸਣ, ਸੁਰਖ਼ ਫੁੱਲਾਂ ਦੀਆਂ ਡੰਡੀਆਂ। ਪਰ ਜੇ ਸੱਤ ਬੇਗਾਨਾ ਕੋਈ, ਮੀਂਹ ਮੁਸਕਾਨ ਤਰੌਂਕੇ , ਰੂਹ ਵਿੱਚ ਵਗਦਾ ਹੈ ਪੁਰਵੱਈਆ, ਮਹਿਕਦੀਆਂ ਪਗਡੰਡੀਆਂ। ਗੁਰਭਜਨ ਗਿੱਲ


ਸੌ ਹੱਥ ਰੱਸਾ ਗੰਢ ਸਿਰੇ ਤੇ ਮੇਰੀ ਇਹ ਗੱਲ ਪੱਲੇ ਬੰਨ੍ਹੋ।
ਬਾਹਰ ਨਹੀਂ ,ਵੈਰੀ ਤਾਂ ਅੰਦਰ, ਆਪ ਪਛਾਣੋ ਤੇ ਫਿਰ
ਮੰਨੋ। ਲਾਲਚ, ਹੈਂਕੜ,ਨਫ਼ਰਤ ਚੌਥਾ ਬਿਨ ਅਗਨੀ ਤੋਂ
ਕੁੜ੍ਹਦੇ ਰਹਿਣਾ, ਮਾਂ ਕਹਿੰਦੀ ਸੀ, ਸੁਖ ਹੀ ਸੁਖ ਹੈ, ਜੇ
ਏਨੀ ਗੱਲ ਸਮਝੋ ਚੰਨੋ। ਗੁਰਭਜਨ ਗਿੱਲ


ਕਿਉਂ ਮਾਸੂਮ ਤਿਤਲੀਆਂ ਮਾਰੇਂ ਰੱਖ ਕੇ ਰੂਹ ਤੇ
ਪਹਿਰੇਦਾਰੀ। ਦਿਲ ਦੀ ਸੁਣਨਾ, ਦਿਲ ਨੂੰ ਕਹਿਣਾ ਮੈਂ
ਤਾਂ ਸਮਝਾਂ ਜ਼ਿੰਮੇਵਾਰੀ। ਹੁਣ ਏਦਾਂ ਮਹਿਸੂਸ ਕਰ
ਰਿਹਾਂ,ਐਵੇਂ ਚਿੱਠੀਆਂ ਪਾਈ ਜਾਵਾਂ, ਅੰਦਰੋਂ ਬਾਹਰੋਂ
ਜਿਸ ਘਰ ਜੰਦਰੇ, ਓਥੇ ਮੈਂ ਘੰਟੀ ਕਿਉਂ ਮਾਰੀ।
ਗੁਰਭਜਨ ਗਿੱਲ
Good Morning




ਬੈਠ ,ਉਡੀਕ ਕਰੀ ਜਾਹ ਮੇਰੀ, ਵਕਤ ਕਦੇ ਵੀ ਇਹ
ਨਹੀਂ ਕਹਿੰਦਾ। ਵੇਖ ਲਿਆ ਕਰ ਸ਼ਾਮ ਸਵੇਰੇ, ਸੂਰਜ
ਕਿੱਸਰਾਂ ਚੜ੍ਹਦਾ ਲਹਿੰਦਾ। ਤੂੰ ਦਰਿਆਵਾਂ ਦਾ ਪੁੱਤ
ਬਾਂਕਾ, ਕਿਉਂ ਬੈਠਾ ਏਂ ਢੇਰੀ ਢਾਹ ਕੇ, ਰੁਕਿਆ ਪਾਣੀ
ਬੁੱਸ ਜਾਂਦਾ ਹੈ, ਵਰਤਣ ਦੇ ਕਾਬਿਲ ਨਹੀਂ ਰਹਿੰਦਾ।

ਗੁਰਭਜਨ ਗਿੱਲ


ਜ਼ਿੰਦਗੀ ਦੇ ਅਰਥਾਂ ਦਾ ਲੇਖਾ, ਹੋਰ ਕਿਸੇ ਤੋਂ ਕਿਉਂ
ਕਰਵਾਉ। ਹਿੰਮਤ ਕਰਕੇ ਮੀਤ ਪਿਆਰੇ ਆਪੇ ਆਪਣੇ
ਨੇੜੇ ਆਉ। ਇੱਕ ਇੱਕ ਕਦਮ ਹਿਸਾਬ ਦਏਗਾ, ਕੀ
ਖੱਟਿਆ ਤੇ ਕਿਵੇਂ ਗਵਾਚਾ, ਆਪਣੀ ਕੁੱਲ ਹਯਾਤੀ
ਏਦਾਂ ਵਰਕਾ ਵਰਕਾ ਪੜ੍ਹਦੇ ਜਾਓ। ਗੁਰਭਜਨ ਗਿੱਲ




ਮਨ ਦੇ ਟਿੱਲੇ ਸੁਪਨੇ ਜੋਗੀ ਸ਼ਾਮੀਂ ਅਕਸਰ ਆ ਜਾਂਦੇ
ਨੇ। ਬਿਰਧ ਬਿਰਖ ਦੀ ਸੁਣ ਜਾਂਦੇ ਤੇ ਆਪਣੀ ਬਾਤ
ਸੁਣਾ ਜਾਂਦੇ ਨੇ। ਦਿਲ ਦਿਲਗੀਰ ਨੂੰ ਢਾਰਸ ਮਿਲਦੀ
ਰੂਹ ਦੀਆਂ ਤਾਰਾਂ ਸੁਰ ਹੋ ਜਾਵਣ, ਤਾਰਿਆਂ ਵੇਲੇ ਚੰਨ
ਤੇ ਤਾਰੇ ਮਿਲਣ ਗਿਲਣ ਜਦ ਆ ਜਾਂਦੇ ਨੇ।

ਗੁਰਭਜਨ ਗਿੱਲ


ਹਰ ਬੰਦੇ ਨੂੰ ਸਫ਼ਰ ਉਡੀਕੇ, ਤੁਰ ਪਓ ਹਿੰਮਤ ਨਾਲ। ਬੈਠੇ
ਬੈਠੇ ਲੰਘ ਜਾਣੇ ਨੇ, ਦਿਵਸ, ਮਹੀਨੇ ਸਾਲ। ਕਿਹੜਾ
ਰੱਖਦੈ ਜੇਬ ਚ ਪਹਿਲਾਂ ਮੰਜ਼ਿਲ ਦਾ ਸਿਰਨਾਵਾਂ, ਬਹੁਤੀ
ਵਾਰੀ ਸਮਝ ਪਵੇ ਨਾ ਸਾਨੂੰ ਸਰਲ ਸਵਾਲ।
ਗੁਰਭਜਨ ਗਿੱਲ


ਪੱਤ ਝੜਿਆਂ ਤੇ ਬਿਰਖ਼ ਬੂਟੇ ਬੰਦਿਆਂ ਵਾਂਗੂੰ ਦਿਲ ਨਹੀਂ ਛੱਡਦੇ। ਉਹ ਤਾਂ ਵਿਆਜ ਧਰਤ ਨੂੰ ਮੋੜਨ ਬੀਤ ਗਏ ਦਾ ਫਾਹਾ ਵੱਢਦੇ। ਨੰਗੇ ਟਾਹਣ ਕਦੇ ਨਾ ਵੇਖੇ ਬੀਤ ਗਏ ਦਾ ਰੁਦਨ ਕਰਦਿਆਂ, ਉਹ ਤਾਂ ਰੁੱਤ ਬਸੰਤੀ ਆਉਂਦੇ ਲਗਰਾਂ ਪੱਤੇ ਸੱਜਰੇ ਕੱਢਦੇ। ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ
ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ
ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ,
ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ
ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ। ਗੁਰਭਜਨ
ਗਿੱਲ



ਜ਼ਿੰਦਗੀ ਹੈ ਰੰਗਾਂ ਦਾ ਮੇਲਾ, ਵੇਖੋ ਜੇਕਰ ਖੋਲ੍ਹ ਕੇ
ਅੱਖੀਆਂ। ਮਹਿਲਾਂ ਨਾਲ ਗੁਆਂਢੀ ਝੁੱਗੀਆਂ, ਝੱਲਣ
ਜੋ ਦਿਨ ਰਾਤੀਂ ਪੱਖੀਆਂ। ਤਿਤਲੀ ਭੰਵਰੇ ਫੁੱਲ ਨੂੰ
ਚੁੰਮਦੇ, ਲੱਭਦੀਆਂ ਗੰਦਗੀ ਨੂੰ ਮੱਖੀਆਂ। ਇਹ ਸਾਡੇ ਤੇ
ਨਿਰਭਰ ਮਿੱਤਰੋ, ਨਜ਼ਰਾਂ ਕਿਹੜੀ ਥਾਂ ਤੇ ਰੱਖੀਆਂ।
ਗੁਰਭਜਨ ਗਿੱਲ




ਜੜ੍ਹਾਂ ਸਲਾਮਤ ਨੇ ਜਦ ਤੀਕਰ, ਖਿੜਨੋਂ ਕੌਣ ਹਟਾ
ਸਕਦਾ ਹੈ? ਆਜੜੀਆਂ ਦਾ ਵੱਗ ਤਾਂ ਸਾਡੇ, ਤਨ ਤੋਂ
ਪੱਤੇ ਖਾ ਸਕਦਾ ਹੈ। ਬੋਟੀ ਦੇ ਲਾਲਚ ਦੇ ਪਿੱਛੇ, ਹਿਰਨਾਂ
ਮਗਰ ਸ਼ਿਕਾਰੀ ਪੈ ਗਏ, ਇੱਕ ਨੇ ਜਾਨ ਬਚਾਉਣੀ,
ਦੂਜਾ ਨੋਚ ਨੋਚ ਕੇ ਖਾ ਸਕਦਾ ਹੈ। ਗੁਰਭਜਨ ਗਿੱਲ



ਇਸ ਧਰਤੀ ਤੇ ਜਦ ਤੱਕ ਧੀਆਂ, ਦਹਿਸ਼ਤ ਦੇ ਪਰਛਾਵਿਆਂ ਥੱਲੇ। ਇਨ੍ਹਾਂ ਅੱਗੇ ਹੁਣ ਤੀਕਰ ਤਾਂ ਸਾਰੇ ਰਾਹ ਬਘਿਆੜਾਂ ਮੱਲੇ। ਇਨ੍ਹਾਂ ਖ਼ਾਤਰ ਵਤਨ ਅਜੇ ਵੀ , ਜੰਗਲ ਦਾ ਹੀ ਦੂਜਾ ਨਾਂ ਹੈ, ਜਿੰਨਾ ਮਰਜ਼ੀ ਢੋਲ ਵਜਾ ਕੇ, ਕਰ ਲਉ ਆਪਣੀ ਬੱਲੇ ਬੱਲੇ। ਗੁਰਭਜਨ ਗਿੱਲ


ਦਿਨ ਚੜ੍ਹਿਆ ਹੈ,ਉੱਠ ਨੀ ਜਿੰਦੇ, ਭਰ ਭਰ ਮੁੱਠੀਆਂ ਵੰਡ
ਖ਼ੁਸ਼ਬੋਈਆਂ। ਇਸ ਧਰਤੀ ਤੇ ਹਰ ਵਣਜਾਰੇ, ਕੋਮਲ
ਕਲੀਆਂ ਸੂਲ ਪਰੋਈਆ। ਇਹ ਹੀ ਸਬਕ ਭੁਲਾਉਣਾ
ਪੈਣੈ, ਹਰ ਵਸਤੂ ਨਾ ਮੰਡੀ ਖ਼ਾਤਰ, ਮਾਰ ਤਰੌਂਕਾ ਸੂਰਜ
ਜਿੱਸਰਾਂ,ਧਰਤ ਦੀਆਂ ਸਭ ਨੁੱਕਰਾਂ ਧੋਈਆਂ।
ਗੁਰਭਜਨ ਗਿੱਲ



ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ
ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ
ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ
ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ
ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ। ਗੁਰਭਜਨ ਗਿੱਲ


ਰੰਗ ਰਾਗ ਤੇ ਸ਼ਬਦ ਮੁਕੰਮਲ ਜ਼ਿੰਦਗੀ ਅੰਦਰ ਰੰਗ
ਭਰਦੇ ਨੇ। ਇਨ੍ਹਾਂ ਤੋਂ ਬਿਨ ਰੂਹ ਦੇ ਪੰਛੀ ਗਗਨ ਉਡਾਰੀ
ਕਦ ਭਰਦੇ ਨੇ। ਪਰ ਸਾਡੀ ਤਾਂ ਧਰਤ ਬਰਾਨੀ ਤੇ
ਕਲਰਾਠੀ ਬੀਜ ਨਾ ਪੁੰਗਰੇ, ਰੋਟੀ ਦੀ ਜੰਗ ਲੜਦਿਆਂ
ਏਥੇ ਸੁਪਨ ਕਰੋੜਾਂ ਨਿੱਤ ਮਰਦੇ ਨੇ। ਗੁਰਭਜਨ ਗਿੱਲ
GOOD
MORNING


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ


ਮਨ ਖਿੜਦਾ ਹੈ ਏਸ ਤਰ੍ਹਾਂ ਹੀ ਹੱਸਿਆ ਕਰ,
ਮੁਸਕਾਇਆ ਕਰ ਤੂੰ। ਸੋਚਾਂ ਦੇ ਦਰਿਆ ਵਿੱਚ ਹਰ ਦਮ,
ਗੋਤੇ ਹੀ ਨਾ ਖਾਇਆ ਕਰ ਤੂੰ। ਤੇਰੇ ਅੰਦਰ ਕਿੰਨੇ
ਸਾਗਰ ਮਾਣਕ ਮੋਤੀ ਹੋਰ ਬੜਾ ਕੁਝ, ਬਾਜ਼ ਵਾਂਗਰਾਂ
ਧਰਤੀਉਂ ਅੰਬਰ ਸੂਰਜ ਤੱਕ ਵੀ ਜਾਇਆ ਕਰ ਤੂੰ।
ਗੁਰਭਜਨ ਗਿੱਲ



ਤੈਥੋਂ ਕੁਝ ਮੰਗਦੇ ਨਾ, ਇਹੀ ਕਹੀਏ ਖੋਹ ਨਾ। ਧਰਤੀ ਤੋਂ
ਪੁੱਤ ਖੋਹਣੋਂ ਵੱਧ ਤਾਂ ਧਰੋਹ ਨਾ। ਲਾਲੀ ਲਾਲ ਕਿਲ੍ਹੇ ਦੀ
ਕਸ਼ੀਦ ਸਾਨੂੰ ਲੱਭ ਲੈ, ਤੇਰੇ ਨਾਲੋਂ ਘੱਟ ਸਾਨੂੰ ਦੇਸ਼ ਨਾਲ
ਮੋਹ ਨਾ। ਗੁਰਭਜਨ ਗਿੱਲ


ਮਨ ਦਾ ਬਾਗ਼ ਬਗੀਚਾ ਖਿੜਿਆ, ਤੇਰੇ ਨਾਲ ਗੁਫ਼ਤਗੂ
ਕਰਕੇ। ਤਪਦੀ ਲੋਹ ਤੇ ਮੀਂਹ ਵਰ੍ਹਿਆ ਹੈ, ਰਹਿਮਤ
ਕੀਤੀ ਤੂੰ ਜੀਅ ਭਰਕੇ। ਕਦੇ ਕਦਾਈਂ, ਏਸ ਤਰ੍ਹਾਂ ਹੀ
ਦਿਲ ਕਰਦਾ ਹੈ ਸੁਣਾਂ, ਸੁਣਾਵਾਂ, ਮੈਂ ਅਣ ਤਾਰੂ ਦੱਸ
ਕਿੰਜ ਆਵਾਂ, ਤੇਰੇ ਦਿਲ ਦਰਿਆ ਨੂੰ ਤਰ ਕੇ।
Good Morning
ਗੁਰਭਜਨ ਗਿੱਲ


©Facebook Page:
Good Morning HD
ਖਿੜਨਾ, ਖਿੜ ਕੇ ਰੌਣਕ ਵੰਡਣਾ, ਸਾਡੀ ਜ਼ੁੰਮੇਵਾਰੀ। ਤੂੰ
ਬੰਦਿਆ ਵਣਜਾਰਾ ਬਣ ਕੇ, ਕਿਉਂ ਕਰਦੈਂ ਹੋਸ਼ਿਆਰੀ।
ਧਰਤੀ ਦੇ ਅਸੀਂ ਪੁੱਤਰ ਧੀਆਂ,ਵੇਲਾਂ ਬੂਟੇ ਸਾਰੇ,
ਮਹਿਕਾਂ ਵੇਚੇਂ ਗਰਜ਼ਾਂ ਖ਼ਾਤਰ, ਕਿਉਂ ਤੇਰੀ ਮੱਤ ਮਾਰੀ।
ਗੁਰਭਜਨ ਗਿੱਲ



ਬਿਰਖ਼ ਮੁਹੱਬਤਾਂ ਵਾਲੇ ਜਿਸ ਥਾਂ, ਸਿਰ ਤੇ ਛਤਰ
ਸੁਹਾਵੇ। ਸਾਡਾ ਵੀ ਇਹ ਧਰਮ ਧਰਮੀਓ, ਹਰ ਕੋਈ
ਰੁੱਖੜਾ ਲਾਵੇ। ਸਾਵਣ ਵਣ ਹਰਿਆਲੇ ਸੋਹਣੇ, ਦੇਣ
ਸੁਨੇਹਾ ਸਾਨੂੰ, ਘੋਨ ਮੋਨ ਹੋ ਜਾਵੇ ਧਰਤੀ, ਉਹ ਦਿਨ
ਕਦੇ ਨਾ ਆਵੇ। ਗੁਰਭਜਨ ਗਿੱਲ


ਸਦਾ ਫੁਟਾਰਾ ਪੱਤਝੜ ਮਗਰੋਂ ਏਨੀ ਗੱਲ ਸਮਝ ਲੈ
ਬੱਲਿਆ। ਇਹ ਪਤਰਾਲ ਜੋ ਕਿਰਦਾ ਥੱਲੇ, ਆਪਣਾ
ਫ਼ਰਜ਼ ਨਿਭਾ ਕੇ ਚੱਲਿਆ। ਧਰਤੀ ਦੀ ਬੁੱਕਲ ਵਿੱਚ
ਬਹਿ ਕੇ, ਇਸ ਨੇ ਤਾਕਤ ਰੁੱਖ ਨੂੰ ਦੇਣੀ, ਏਸ ਕਿਤਾਬ
ਦਾ ਵਰਕਾ ਇੱਕ ਵੀ ਤੂੰ ਦੱਸ ਕਿਉਂ ਨਹੀਂ ਪੜ੍ਹਦਾ
ਝੱਲਿਆ। ਗੁਰਭਜਨ ਗਿੱਲ



ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ



ਸੂਰਜ ਨੂੰ ਪੌੜੀ ਨਹੀਂ ਲੱਗਦੀ, ਅੰਦਰ ਜਗਦਾ ਦੀਵਾ
ਧਰਿਉ। ਆਤਮ ਬਲ ਤੇ ਸਬਰ ਸਹਾਰੇ ਆਪੇ ਆਪਣਾ
ਚਿੰਤਨ ਕਰਿਉ। ਆਪਣੀ ਰੂਹ ਦਾ ਲੇਖਾ ਜੋਖਾ ਹੋਰ
ਕਿਸੇ ਤੋਂ ਕਿਉਂ ਕਰਵਾਉਣਾ, ਹੀਲੇ ਨਾਲ ਵਸੀਲੇ
ਬਣਦੇ,ਐਵੇਂ ਨਾ ਬਹਿ ਹੌਕੇ ਭਰਿਉ। ਗੁਰਭਜਨ ਗਿੱਲ


ਤੇਰੀ ਮੇਰੀ ਰੂਹ ਦਾ ਚੰਬਾ ਖਿੜ ਕੇ ਜੱਗ ਮਹਿਕਾ ਸਕਦਾ
ਹੈ। ਧਰਤੀ ਬੁੱਕਲ ਬਣ ਸਕਦੀ ਹੈ, ਸੂਰਜ ਨੇੜੇ ਆ
ਸਕਦਾ ਹੈ। ਪੀਂਘ ਪਈ ਸਤਰੰਗੀ ਵਿਚਲੇ ਰੰਗ
ਆਪਣੀ ਮੁਸਕਾਨ ਚ ਭਰ ਲੈ, ਕੋਸ਼ਿਸ਼ ਕਰਕੇ ਵੇਖ ਜ਼ਰਾ
ਤੂੰ, ਇਹ ਪਲ ਜੀਣ ਸਿਖਾ ਸਕਦਾ ਹੈ।
ਗੁਰਭਜਨ ਗਿੱਲ


ਸੋਹਣੇ ਵੇਖ ਗੁਲਾਬ ਖਿੜੇ ਨੇ ਜ਼ਿੰਦਗੀ ਕਿਉਂ ਬਦਰੰਗ ਵੇ
ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਹੀਰ ਦੇ ਲੇਖੀਂ ਅੱਜ ਵੀ
ਨੀਂਗਰ,ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ


ਆਹ ਫੜ ਸੂਰਜ, ਆਹ ਫੜ ਕਿਰਨਾਂ, ਖਿੜੇ ਗੁਲਾਬ ਨੇ
ਤੇਰੇ ਲਈ। ਮੋੜ ਦਿਆ ਕਰ ਸ਼ਾਮ ਢਲੇ ਤੋਂ, ਸਿਰਫ਼
ਚਿਰਾਗ ਬਨੇਰੇ ਲਈ।  ਅਗਨ ਲਗਨ ਨੂੰ ਜੰਦਰੇ
ਅੰਦਰ, ਨਾ ਕਰਿਆ ਕਰ ਕਮਜ਼ਰਫ਼ਾ, ਚੰਗਾ ਹੁੰਦੈ,
ਜਗਣਾ ਮਘਣਾ, ਧਰਤੀ ਚਾਰ-ਚੁਫ਼ੇਰੇ ਲਈ।
ਗੁਰਭਜਨ ਗਿੱਲ


ਉਹ ਹਿੱਕੜੀ ਵੀ ਕਾਹਦੀ ਹਿੱਕੜੀ, ਜਿਸ ਵਿੱਚ
ਲੱਗਿਆ ਤੀਰ ਨਹੀਂ ਹੈ। ਉਹ ਅੱਖ ਭਲਿਉ ਪੱਥਰ
ਡੇਲਾ, ਜਿਸ 'ਚੋਂ ਵਹਿੰਦਾ ਨੀਰ ਨਹੀਂ ਹੈ। ਦਰਦਾਂ ਦੇ
ਦਰਿਆ ਦੇ ਕੰਢੇ, ਬੈਠ ਰਿਹਾਂ ਏਂ ਅਣਭਿੱਜਿਆ ਹੀ,
ਆਪਣਾ ਰੋਗ ਪਛਾਣ ਜੇ ਤੇਰਾ ਹੁਣ ਵੀ ਦਿਲ
ਦਿਲਗੀਰ ਨਹੀਂ ਹੈ। ਗੁਰਭਜਨ ਗਿੱਲ


ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ
ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ
ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ,
ਝਾਤੀ ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜਦਾ
ਕਿਉਂ ਨਹੀਂ, ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ
ਗਿੱਲ


ਪਾਟੀ ਚਿੱਠੀ ਜਦ ਵੀ ਆਵੇ, ਬਿਨ ਪੜ੍ਹਿਆਂ ਤੜਫ਼ਾ
ਜਾਂਦੀ ਹੈ। ਮਾਂ ਜਾਇਆਂ ਦੀ ਪੀੜ,ਆਂਦਰਾਂ ਕੱਠੀਆਂ
ਕਰ ਸਮਝਾ ਜਾਂਦੀ ਹੈ। ਅੱਖ ਫਰਕਦੀ, ਚਿੱਤ ਖਲਬਲੀ,
ਉੱਖੜੇ ਨੀਂਦਰ ਹੋਰ ਬੜਾ ਕੁਝ, ਏਸ ਤਰ੍ਹਾਂ ਹੀ ਤਨ ਦੀ
ਮਿੱਟੀ, ਚਿੰਤਾ ਖਾਂਦੀ ਖਾ ਜਾਂਦੀ ਹੈ। ਗੁਰਭਜਨ ਗਿੱਲ



ਲੋਕ ਵਿਚਾਰੇ ਵਖ਼ਤਾਂ ਮਾਰੇ, ਜਿਉਣ ਵਸੀਲਾ ਟੋਲ ਰਹੇ ਨੇ। ਮਿੱਟੀ ਵਿੱਚੋਂ ਆਪਣੀ ਕਿਸਮਤ ਸਦੀਆਂ ਤੋਂ ਹੀ ਫ਼ੋਲ ਰਹੇ ਨੇ।  ਸਰਬ ਸਮੇਂ ਦੇ ਚਾਤਰ ਹਾਕਮ ਧਰਮ ਕਰਮ ਦਾ ਓਹਲਾ ਕਰਕੇ, ਅੰਨ੍ਹੀ ਰੱਯਤ ਗਿਆਨ ਵਿਹੂਣੀ ਪੈਰਾਂ ਹੇਠ ਮਧੋਲ ਰਹੇ ਨੇ। ਗੁਰਭਜਨ ਗਿੱਲ



ਦੁਨੀਆ ਵਾਲੇ ਮੇਲੇ ਅੰਦਰ ਅਜਬ ਜਿਹਾ ਦਸਤੂਰ
ਵੇਖਿਆ। ਸੁਖ ਵੇਲੇ ਜੋ ਸਭ ਤੋਂ ਨੇੜੇ, ਦੁੱਖ ਵੇਲੇ ਉਹ ਦੂਰ
ਵੇਖਿਆ। ਤੈਨੂੰ ਮੈਨੂੰ ਪਰਖ਼ਣ ਵਾਲਾ ਆਪਣੀ ਵਾਰੀ
ਭੱਜਦਾ ਤੱਕਿਆ, ਦੂਸਰਿਆਂ ਲਈ ਜ਼ਹਿਰ-ਪਿਆਲਾ
ਨੱਕੋ ਨੱਕ ਭਰਪੂਰ ਵੇਖਿਆ। ਗੁਰਭਜਨ ਗਿੱਲ


ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ
ਲੋਕਾ। ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ
ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ
ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ,
ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ



ਸਾਡੇ ਪਿੰਡ ਦੀ ਹਰ ਇਕ ਮਾਂ ਸੀ, ਬਿਲਕੁਲ ਮੇਰੀ ਮਾਂ ਦੇ
ਵਰਗੀ। ਜਿਉਂ ਹਰ ਬੋਹੜ ਦੀ ਛਾਂ ਹੁੰਦੀ ਹੈ ਸੰਘਣੀ
ਛਤਰੀ ਛਾਂ ਦੇ ਵਰਗੀ। ਚੁੱਪ-ਚੁਪੀਤੇ ਭਰ ਵਗਦੇ
ਦਰਿਆ ਦੇ ਵਾਂਗ ਨਿਰੰਤਰ ਵਹਿੰਦੀ, ਪਾਕ-ਪਵਿੱਤਰ
ਅੰਮ੍ਰਿਤ ਦੀ ਘੁੱਟ, ਨਾਂਹ ਵੀ ਜਿਸ ਦੀ ਹਾਂ ਦੇ ਵਰਗੀ।
ਗੁਰਭਜਨ ਗਿੱਲ


ਜੇਕਰ ਵਿਦਿਆ ਵਰਤੀ ਹੀ ਨਾ, ਕਿਹੜੇ ਕੰਮ ਕਿਤਾਬਾਂ
ਪੜ੍ਹੀਆਂ। ਬੋਝ ਢੋਂਦਿਆਂ ਉਮਰ ਗੁਜ਼ਾਰੀ, ਟੁੱਟੀਆਂ ਨਾ
ਜੰਜ਼ੀਰਾਂ,ਕੜੀਆਂ। ਹੇ ਗਿਆਨੀ ਵਿਗਿਆਨੀ ਵੀਰਾ,
ਝਾਤੀ ਮਾਰ ਕਦੇ ਮਨ ਅੰਦਰ, ਵਕਤ ਖਲੋਤਾ ਫੜਦਾ
ਕਿਉਂ ਨਹੀਂ, ਵਾਹੋਦਾਹੀ ਭੱਜਣ ਘੜੀਆਂ। ਗੁਰਭਜਨ
ਗਿੱਲ


ਤੂੰ ਨਾ ਰੂਹੇ ਦਸਤਕ ਦਿੱਤੀ ਕੱਲ੍ਹ ਵਰਗਾ ਅੱਜ ਦਿਨ ਨਹੀਂ
ਚੜ੍ਹਿਆ। ਕੀ ਦੱਸਾਂ ਮੈਂ ਤੇਰਾ ਲਿਖਿਆ ਕਿੰਨੀ ਵਾਰੀ
ਮੁੜ ਮੁੜ ਪੜ੍ਹਿਆ। ਦੋ ਸਤਰਾਂ ਵਿਚਕਾਰ ਦੀ ਖ਼ਾਲੀ ਥਾਂ
ਨੇ ਮੈਨੂੰ ਇਹ ਸਮਝਾਇਐ, ਬਹੁਤੀ ਵਾਰੀ ਉਹ
ਪੜ੍ਹਿਆ ਕਰ ਜੋ ਛੱਡ ਜਾਨੈਂ ਤੂੰ ਅਣਪੜ੍ਹਿਆ।
ਗੁਰਭਜਨ ਗਿੱਲ


ਵਕਤ ਹਮੇਸ਼ਾਂ ਲਿਖ ਸਮਝਾਵੇ ਪਰ ਕਾਹਲੀ ਵਿੱਚ ਅਸੀਂ
ਨਾ ਪੜ੍ਹੀਏ। ਪੜ੍ਹਦੇ ਹਾਂ ਪਰ ਅਸਰ ਨਾ ਕਰੀਏ ਦਿਲ
ਅੰਦਰ ਇਹ ਕਦੇ ਨਾ ਜੜੀਏ। ਪੱਤੇ ਉੱਪਰ ਸਬਕ ਲਿਖੇ
ਨੇ ਕਾਦਰ ਨੇ ਖ਼ੁਦ ਆਪਣੇ ਹੱਥੀਂ, ਜੇ ਸਾਹਾਂ ਵਿੱਚ
ਸ਼ਾਮਿਲ ਕਰੀਏ ਆਪਣੀ ਅੱਗ ਕਦੇ ਨਾ ਸੜੀਏ।
ਗੁਰਭਜਨ ਗਿੱਲ



ਤਨ-ਮਨ ਕਵਿਤਾ ਹੋਇਆ, ਪਿਘਲ ਗਿਆ ਸਾਰੇ ਦਾ ਸਾਰਾ। ਵਕਤ -ਵੇਲਣੇ ਵਿੱਚੋਂ ਲੰਘ ਕੇ, ਵਹੇ ਨਿਰੰਤਰ ਸਿਰਜਣਹਾਰਾ।  ਏਸ ਜਨਮ ਦੇ ਹਰ ਇੱਕ ਪਲ ਨੂੰ, ਖ਼ਰਚਿਆ ਆਪਾਂ ਸ਼ਬਦਾਂ ਖ਼ਾਤਰ, ਇਸ ਧਰਤੀ ਦੀ ਕਹਿਣ ਵਾਰਤਾ, ਕਿਹੜਾ ਆਉਣਾ ਫੇਰ ਦੁਬਾਰਾ।

ਗੁਰਭਜਨ ਗਿੱਲ


ਨਵੇਂ ਰੰਗ ਵਿਚ ਰੰਗ ਦੇ, ਮੈਨੂੰ ਮਹਿਕਾਂ ਭਰ ਕੇ। ਮਿੱਟੀ
ਦਾ ਬੁੱਤ ਛੂਹ ਕੇ, ਇਸ ਨੂੰ ਜੀਂਦਾ ਕਰ ਕੇ। ਮੇਰੇ ਦਿਲ ਤੇ
ਹੱਥ ਧਰ ਦੇ, ਇਹ ਧੜਕ ਪਵੇਗਾ, ਇਸ ਨੂੰ ਧੜਕਣ ਲਾ
ਦੇ, ਥੋੜ੍ਹੀ ਰਹਿਮਤ ਕਰ ਕੇ। ਗੁਰਭਜਨ ਗਿੱਲ



ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ ,ਆਪੇ ਹੀ ਟੁਣਕਾਉਣਾ ਪੈਂਦੈ । ਮਨ ਦਾ ਅੱਥਰਾ ਘੋੜਾ ਆਪੇ, ਵਾਗਾਂ ਖਿੱਚ ਸਮਝਾਉਣਾ ਪੈਂਦੈ। ਜੇ ਇਕ ਵਾਰੀ ਨੱਕਾ ਟੁੱਟ ਜੇ, ਵਹਿਣ ਨੀਵਾਣਾਂ ਵੱਲ ਨੂੰ ਜਾਵੇ, ਬੰਨ੍ਹ ਮਜ਼ਬੂਤ ਬਣਾ ਕੇ ,ਪਾਣੀ ਪੈਣ ਵੱਲ ਪਰਤਾਉਣਾ ਪੈਂਦੈ। ਗੁਰਭਜਨ ਗਿੱਲ


ਵਕਤ ਮਿਲੇ ਤਾਂ ਹਿੰਮਤ ਕਰਕੇ ਬੰਦ ਬੂਹਿਆਂ ਨੂੰ ਖੋਲ੍ਹ
ਦਿਆ ਕਰ । ਸ਼ਬਦ ਮਾਸੂਮ ਪਰਿੰਦੇ ਹੁੰਦੇ, ਮੂੰਹ
ਆਇਆਂ ਨੂੰ ਬੋਲ ਦਿਆ ਕਰ । ਰੂਹ ਦੇ ਸੁੱਚੇ ਮਾਣਕ
ਮੋਤੀ , ਕਦਰ ਪੁਆਉਂਦੇ ਕਿਸੇ ਕਿਸੇ ਤੋਂ, ਚਹੁੰ ਕੌਡਾਂ ਲਈ
ਮਹਿੰਗਾ ਸੌਦਾ, ਸਸਤੇ ਭਾਅ ਨਾ ਤੋਲ ਦਿਆ ਕਰ।
ਗੁਰਭਜਨ ਗਿੱਲ


ਛੱਡ ਦੇ ਹੁਣ ਤੂੰ ਬੀਤੀਆਂ ਗੱਲਾਂ ,ਕੀ ਲੈਣਾ ਏਂ ਹੌਕੇ ਭਰਕੇ
। ਏਨੇ ਕਦਮ ਸਬੂਤੇ ਰਹਿ ਗਏ, ਸਫ਼ਰ ਸਹੀ ,
ਵਿਸ਼ਵਾਸ ਦੇ ਕਰਕੇ । ਗਰਦਨ ਸਿੱਧੀ ਰੱਖਣਾ ਕਹਿ ਕੇ,
ਪੈਂਦਾ ਹੈ ਤਲਵਾਰ ਤੇ ਤੁਰਨਾ, ਸੀ ਤੁਰ ਪਉ ਇੱਕ ਵਾਰ
ਫ਼ੇਰ ਤਾਂ, ਮੁੜਦੇ ਹੋ ਮੰਜ਼ਿਲ ਸਰ ਕਰਕੇ। ਗੁਰਭਜਨ
ਗਿੱਲ



ਅਸਲ ਕਲਾ ਤਾਂ ਏਹੀ ਮਿੱਤਰੋ ਅੱਖੀਆਂ ਚੋਂ
ਅਣਲਿਖਿਆ ਪੜ੍ਹੀਏ। ਜਿਉਂ ਫੁੱਲਾਂ ਵਿੱਚ ਰੰਗ
ਖੁਸ਼ਬੋਈ ਇੱਕ ਦੂਜੇ ਦੇ ਸਾਹੀਂ ਵੜੀਏ। ਏਸ ਕਲਾ ਦੇ
ਜਾਨਣਹਾਰੇ ਵਿਰਲੇ ਨੇਤਰ ਧਰਤੀ ਉੱਤੇ, ਦਿਲ ਮੁੰਦਰੀ
ਵਿੱਚ ਮੋਹ ਦੇ ਨਗ ਨੂੰ ਨਾਮ ਧਰੇ ਬਿਨ ਥਾਂ ਸਿਰ ਜੜੀਏ।
ਗੁਰਭਜਨ ਗਿੱਲ


ਰੂਹ ਦਾ ਸਾਜ਼ ਤਾਂ ਆਪਣੇ ਅੰਦਰੋਂ,ਆਪੇ ਹੀ
ਟੁਣਕਾਉਣਾ ਪੈਂਦੈ। ਮਨ ਦਾ ਘੋੜਾ ਚੜ੍ਹਦੀ ਕਲਾ
ਵੱਲ,ਵਾਗਾਂ ਖਿੱਚ ਭਜਾਉਣਾ ਪੈਂਦੈ। ਜੇ ਇੱਕ ਵਾਰੀ ਨੱਕਾ
ਟੁੱਟ ਜੇ, ਵਹਿਣ ਨੀਵਾਣਾਂ ਵੱਲ ਨੂੰ ਜਾਵੇ, ਬੰਨ੍ਹ ਮਜ਼ਬੂਤ
ਬਣਾ ਕੇ ਪਾਣੀ ਪੈਲ਼ੀ ਵੱਲ ਪਰਤਾਉਣਾ ਪੈਂਦੈ।
ਗੁਰਭਜਨ ਗਿੱਲ



ਡੋਲ ਰਿਹਾ ਕਿਉਂ ਮੇਰੇ ਹੁੰਦਿਆਂ, ਤੇਰਾ ਦੀਨ ਈਮਾਨ
ਬਾਬਲਾ। ਪੈਰਾਂ ਥੱਲੇ ਮਾਂ ਧਰਤੀ ਹੈ, ਸਿਰ ਛਤਰੀ
ਅਸਮਾਨ ਬਾਬਲਾ। ਮੈਂ ਤੇਰੀ ਅੱਖ ਵਿੱਚੋਂ
ਪੜ੍ਹਿਆ,ਦਰਦ ਇਬਾਰਤ ਅੰਦਰ ਲਿਖਿਆ, ਅਗਨ
ਲਗਨ ਦੀ ਸ਼ਕਤੀ ਵਰਗੀ ਮੈਂ ਵੀ ਹਾਂ ਇਨਸਾਨ
ਬਾਬਲਾ। ਗੁਰਭਜਨ ਗਿੱਲ



ਹਰੀਆਂ ਡਾਲਾਂ ਅਜ਼ਲਾਂ ਤੋਂ ਹੀ ਸੁਰਖ਼ ਫੁੱਲਾਂ ਨੂੰ
ਪਾਲ਼ਦੀਆਂ। ਜ਼ੁੰਮੇਵਾਰੀ ਕੁਦਰਤ ਦਿੱਤੀ, ਬੱਚਿਆਂ
ਵਾਂਗ ਸੰਭਾਲ਼ਦੀਆਂ। ਪਰ ਤੂੰ ਬੰਦਿਆ ਤੁਰਿਆ ਜਾਂਦਾ
ਤੋੜ ਮਰੋੜੇਂ ਬੇਦਰਦਾ, ਸਮਝ ਨਿਸ਼ਾਨੀਆਂ ਇਹ ਹੀ ਨੇ
ਕੁਝ, ਤੇਰੇ ਮੰਦੜੇ ਹਾਲ ਦੀਆਂ। ਗੁਰਭਜਨ ਗਿੱਲ


ਖਿੜਨਾ ਚਾਹਾਂ ਸਿਖ਼ਰ ਦੁਪਹਿਰੇ ਇੱਕ ਮੁਸਕਾਨ
ਪਿਆਰੀ ਦੇ ਦੇ। ਕੁਝ ਪਲ ਮੇਰੇ ਸਾਹੀਂ ਰਮ ਜਾ, ਰੰਗਾਂ
ਭਰੀ ਪਟਾਰੀ ਦੇ ਦੇ, ਇਹ ਇਕਰਾਰ ਤੇਰਾ ਤੇ ਮੇਰਾ,
ਕਣ ਕਣ ਮਹਿਕਾਂ ਵੰਡ ਦਿਆਂਗਾ, ਕੁੱਲ ਧਰਤੀ ਤੇ
ਫ਼ੈਲਣ ਦੇ ਲਈ ਪੌਣਾਂ ਦੀ ਅਸਵਾਰੀ ਦੇ ਦੇ।
ਗੁਰਭਜਨ ਗਿੱਲ


ਕੁਦਰਤ ਤੈਨੂੰ ਕੀ ਕੁਝ ਦੇਵੇ, ਕਰ ਸ਼ੁਕਰਾਨਾ ਫੜਿਆ ਕਰ
ਤੂੰ। ਏਸ ਤਰ੍ਹਾਂ ਜਦ ਚਿੱਠੀਆਂ ਪਾਵੇ, ਅੱਖਰ ਅੱਖਰ
ਪੜ੍ਹਿਆ ਕਰ ਤੂੰ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ ਲੰਘ
ਜਾਨੈਂ ਤੂੰ ਮਾਰ ਫੱਰਾਟੇ, ਕੁਝ ਪਲ ਫੁੱਲਾਂ ਕੋਲ ਬੈਠ ਕੇ,
ਸਹਿਜ ਸਵਾਸੀਂ ਮੜ੍ਹਿਆ ਕਰ ਤੂੰ। ਗੁਰਭਜਨ ਗਿੱਲ


ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।
ਗੁਰਭਜਨ ਗਿੱਲ


ਝੀਲਾਂ, ਝਰਨੇ, ਨੀਲਾ ਸਾਗਰ, ਧਰਤੀ ਤੇ ਲਿਖੀਆਂ
ਕਵਿਤਾਵਾਂ। ਜੇ ਤੂੰ ਵਕਤ ਦਏਂ ਤਾਂ ਤੈਨੂੰ ਕੁਝ ਵਰਕੇ ਪੜ੍ਹ
ਬੋਲ ਸੁਣਾਵਾਂ। ਕਿੰਨਾ ਕੁਝ ਅਣਪੜ੍ਹਿਆ ਛੱਡ ਕੇ, ਕਹਿੰਦੈਂ
ਜ਼ਿੰਦਗੀ ਫਿੱਕੀ ਫਿੱਕੀ, ਵੇਖ ਕਦੇ ਤੂੰ ਧਰਤੀ
ਅੰਬਰ,ਰੰਗਾਂ ਮੱਲੀਆਂ ਕਿੰਨੀਆਂ ਥਾਵਾਂ।
ਗੁਰਭਜਨ ਗਿੱਲ



ਮੈਂ ਆਪਣੇ ਅੱਜ ਦਿਲ ਦੇ ਵਰਕੇ ਦਿਨ ਚੜ੍ਹਦੇ ਹੀ ਫ਼ੋਲ
ਰਿਹਾ ਸਾਂ। ਮੇਰੇ ਅੰਦਰ ਕਿੰਨੀ ਮਾਂ ਹੈ, ਬਾਪੂ ਜੀ ਨੂੰ ਟੋਲ
ਰਿਹਾ ਸਾਂ। ਵਿੱਚ ਲਿਫ਼ਾਫ਼ੇ ਕੁਝ ਵੀ ਨਹੀਂ ਸੀ, ਜੋ ਕੁਝ
ਉਨ੍ਹਾਂ ਮੈਨੂੰ ਸੌਂਪਿਆ, ਸਮਝ ਪਵੇ ਨਾ ਹੁਣ ਤੀਕਰ ਮੈਂ
ਕਿਹੜਾ ਸੌਦਾ ਤੋਲ ਰਿਹਾ ਸਾਂ। ਗੁਰਭਜਨ ਗਿੱਲ




ਇਸ ਧਰਤੀ ਤੇ ਕਿੰਨਾ ਕੁਝ ਹੈ, ਰਹਿ ਚੱਲਿਆ ਸਾਥੋਂ ਅਣਮਾਣਿਆ। ਸੁਰਗ ਨਜ਼ਾਰੇ ਵਰਗਾ ਕੀ ਕੁਝ,ਜੋ ਆਪਾਂ ਵੇਖਿਆ ਨਾ ਜਾਣਿਆ। ਹਰ ਪਲ ਮਿੱਟੀ ਠੀਕਰੀਆਂ ਤੇ ਕੂੜ ਕਬਾੜਾ ਚੁਗਦੇ ਫਿਰੀਏ, ਪੈਰਾਂ ਹੇਠ ਜ਼ਮੀਨ ਗੁਆਚੀ,ਕੈਸਾ ਭਰਮਾਂ ਤੰਬੂ ਤਾਣਿਆ।

ਗੁਰਭਜਨ ਗਿੱਲ


ਸ਼ਾਮ ਢਲ਼ੀ ਤੇ ਲੱਗਿਆ, ਚੰਨ ਜਿਉਂ ਚੁਗਲ ਝਾਤੀਆਂ
ਮਾਰ ਰਿਹਾ ਹੈ। ਕਿਰਨਾਂ ਦਾ ਮੀਂਹ ਕਿਣ ਮਿਣ ਕਿਣ
ਮਿਣ ਤਪਦਾ ਪਿੰਡਾ ਠਾਰ ਰਿਹਾ ਹੈ। ਕਾਲ਼ੀ ਰਾਤ ਗ਼ਮਾਂ
ਦੀ ਗੂੜ੍ਹੀ, ਚਾਨਣ ਦੀ ਕਾਤਰ ਤੋਂ ਡਰਦੀ, ਨੂਰੀ ਮੱਥੇ
ਸੂਰਜ ਟਿੱਕਾ,ਧਰਤੀ ਦਾ ਸ਼ਿੰਗਾਰ ਰਿਹਾ ਹੈ। ਗੁਰਭਜਨ
ਗਿੱਲ


ਜੇਕਰ ਧੌਲ ਉਠਾਈ ਧਰਤੀ, ਮੇਰੇ ਸਿਰ ਤੇ ਭਾਰ ਕਿਉਂ
ਹੈ? ਅਜ਼ਲਾਂ ਤੋਂ ਹੀ ਕਿਰਤੀ ਪੁੱਤਰ ਰੋਟੀ ਤੋਂ ਲਾਚਾਰ
ਕਿਉਂ ਹੈ? ਕੁਰਸੀ ਵਾਲਿਉ! ਵਿਦਵਾਨੋ ਤੇ ਧਰਮ ਕਰਮ
ਦੇ ਠੇਕੇਦਾਰੋ, ਦੱਸਿਉ! ਚੌਂਕੀਦਾਰ ਦਾ ਪੁੱਤਰ ਅੱਜ ਵੀ
ਚੌਂਕੀਦਾਰ ਕਿਉਂ ਹੈ? ਗੁਰਭਜਨ ਗਿੱਲ


ਸੁਣਿਆ ਸੀ ਮੈਂ ਜ਼ਖ਼ਮ ਦਿਲਾਂ ਦੇ, ਨਾਲ ਮੁਹੱਬਤ ਭਰ
ਜਾਂਦੇ ਨੇ। ਇੱਕ ਮੁਸਕਾਨ ਮਿਲੇ ਤਾਂ, ਡੁੱਬਦੇ, ਪੱਥਰ-ਚਿੱਤ
ਵੀ ਤਰ ਜਾਂਦੇ ਨੇ। ਇੱਕ ਅੱਧ ਰਿਸ਼ਮ ਉਧਾਰੀ ਦੇ ਦੇ,
ਇਸ ਨੂੰ ਮੈਂ ਹਥਿਆਰ ਬਣਾਵਾਂ, ਕਾਲਖ਼ ਦੇ ਵਣਜਾਰੇ
ਨ੍ਹੇਰੇ, ਜੁਗਨੂੰ ਤੋਂ ਵੀ ਡਰ ਜਾਂਦੇ ਨੇ। ਗੁਰਭਜਨ ਗਿੱਲ


ਦਿਨ ਚੜ੍ਹਦੇ ਤੋਂ ਸ਼ਾਮ ਤੀਕ ਜਦ ਯਾਦਾਂ ਝੁਰਮਟ
ਪੌਂਦੀਆਂ ਨੇ । ਸਾਹਾਂ ਵਿੱਚ ਸਰਗਮ ਛਿੜ ਪੈਂਦਾ, ਫਿਰ
ਪੌਣਾਂ ਨਗਮੇ ਗੌਂਦੀਆਂ ਨੇ । ਕਦੇ ਸੂਰਜ ਚੰਨ ਤੇ
ਤਾਰਿਆਂ ਵਿੱਚ, ਜਿੰਦ ਲੱਭਦੀ ਤੈਨੂੰ ਸਾਰਿਆਂ ਵਿੱਚ,
ਸੁਣਿਆ ਕਰ ਅੰਬਰਾਂ ਵਾਲੜਿਆ, ਜਦ ਕੂੰਜੜੀਆਂ
ਕੁਰਲੌਂਦੀਆਂ ਨੇ। ਗੁਰਭਜਨ ਗਿੱਲ


ਕਿੰਨੀ ਵਾਰ ਕਿਹਾ ਏ ਤੈਨੂੰ, ਬਿਨ ਗਾਗਲ ਤਸਵੀਰ ਭੇਜ ਦੇ । ਕੱਸੇ ਹੋਣ ਕਮਾਨ 'ਚ ਜਿੱਦਾਂ, ਦੋ ਨੈਣਾਂ ਦੇ ਤੀਰ ਭੇਜ ਦੇ । ਸੱਤ ਸਮੁੰਦਰ ਡੂੰਘੇ ਕਿੰਨੇ, ਮੈਂ ਇਹ ਹਾਥ ਕਿਵੇਂ ਦੱਸ ਪਾਵਾਂ, ਨਜ਼ਰ ਮਿਲਾ,ਅੱਖ ਫੇਰ ਨਾ ਮੈਥੋਂ,ਦੋਧਾਰੀ ਸ਼ਮਸ਼ੀਰ ਭੇਜ ਦੇ। ਗੁਰਭਜਨ ਗਿੱਲ


ਦੇਸ ਪੰਜਾਬ ਦੇ ਬਰਖ਼ੁਰਦਾਰਾ ਆਪਣੀ ਸੁਰਤ ਸੰਭਾਲ਼
ਦੂਲਿਆ । ਤੇਰੇ ਚਾਰ ਚੁਫ਼ੇਰੇ ਤਣਿਆ, ਸ਼ਹਿਰੀ ਤੰਦੂਆ
ਜਾਲ਼ ਦੂਲਿਆ । ਮਿਰਜ਼ੇ ਪਿੱਛੇ ਵਾਹਰ ਪਈ ਹੈ, ਵੰਨ
ਸੁਵੰਨੇ ਦੁਸ਼ਮਣ ਲੱਖਾਂ, ਸਿਰੋਂ ਮੜਾਸਾ ਲੱਥਿਆ ਤੱਕ ਲੈ,
ਗਲ ਵਿੱਚ ਉਲਝੇ ਵਾਲ਼ ਦੂਲਿਆ। ਗੁਰਭਜਨ ਗਿੱਲ



ਵਾਤਾਵਰਣ ਵਿਗੜਦਾ ਜਾਵੇ, ਲਾ ਦੇਈਏ ਵਿਸ਼ਵਾਸ ਦਾ ਬੂਟਾ । ਬਹੁਤ ਜ਼ਰੂਰੀ ਮਨ ਵਿੱਚ ਲਾਉਣਾ, ਖੇੜੇ ਵੰਡਦੀ ਆਸ ਦਾ ਬੂਟਾ ।  ਮਨ ਪਰਦੇਸੀ ਘਰ ਨਹੀਂ ਮੁੜਿਆ, ਡਗਮਗ ਡਗਮਗ ਡੋਲ ਰਿਹਾ ਹੈ, ਰੋਜ਼ ਦਿਹਾੜੀ ਫ਼ੈਲ ਰਿਹਾ ਹੈ, ਅਜਬ ਜਹੇ ਬਨਵਾਸ ਦਾ ਬੂਟਾ। ਗੁਰਭਜਨ ਗਿੱਲ


ਸ਼ਾਮਾਂ ਨੂੰ ਸੂਰਜ ਜਾਂਦਿਆਂ ਇਕਰਾਰ ਕਰ ਗਿਆ ।
ਮੁੜਿਆ ਨਾ ਸਾਰੀ ਰਾਤ ਹੱਦਾਂ ਪਾਰ ਕਰ ਗਿਆ ।
ਮਹਿਰਮ* ਦਿਲਾਂ ਦਾ ਕੰਡ ਕਰਕੇ ਦੂਰ ਬਹਿ ਗਿਆ,
ਪੁੱਛੋ ਨਾ ਦਿਲ ਦਾ ਹਾਲ ਕੀ, ਬੀਮਾਰ ਕਰ ਗਿਆ।
ਗੁਰਭਜਨ ਗਿੱਲ



ਜਾਣ ਵਾਲਿਆ ਜਾਹ ਨਾ ਬੀਬਾ, ਇੱਕ ਵਾਰੀ ਫਿਰ
ਮੇਰਾ ਹੋ ਜਾ । ਦਿਲ ਡੁੱਬ ਚੱਲਿਐ ਵਿੱਚ ਹਨ੍ਹੇਰੇ, ਮੁੜ ਕੇ
ਸੁਰਖ਼ ਸਵੇਰਾ ਹੋ ਜਾ । ਜੋ ਕੁਝ ਹੋਇਆ ਬੀਤਿਆ
ਛੱਡਦੇ ਲੀਕਾਂ ਪਿੱਟਣ ਦਾ ਕੀ ਫ਼ਾਇਦਾ, ਮੈਂ ਵੀ ਮਨ ਨੂੰ
ਇਹ ਸਮਝਾਇਐ ਸਿਰ ਪੈਰੋਂ ਸਭ ਤੇਰਾ ਹੋ ਜਾ।

ਗੁਰਭਜਨ ਗਿੱਲ


ਅੱਗ ਨਾਲ ਖੇਡੀਏ ਅੰਗਾਰਾਂ ਨਾਲ ਖੇਡੀਏ । ਆ ਜਾ
ਕਦੇ ਸੋਹਣਿਆ, ਵਿਚਾਰਾਂ ਨਾਲ ਖੇਡੀਏ । ਤੈਨੂੰ ਮੈਨੂੰ
ਰੋਕਦੀਆਂ, ਨਜ਼ਰਾਂ ਮਿਲਾਉਣ ਤੋਂ, ਕਾਹਨੂੰ ਸੜ
ਜਾਣੀਆਂ ਦੀਵਾਰਾਂ ਨਾਲ ਖੇਡੀਏ । ਗੁਰਭਜਨ ਗਿੱਲ


ਇੱਕ ਅੱਧ ਬੋਲ ਸੁਣਾ ਦੇ ਮੈਨੂੰ ਹਾਲੇ ਦਿਲ ਨਹੀਂ ਭਰਿਆ
ਯਾਰ । ਇਕਲਾਪੇ ਦਾ ਬੋਝ ਮੇਰੇ ਤੋਂ, ਹੋਰ ਨਾ ਜਾਵੇ
ਜਰਿਆ ਯਾਰ । ਜਿਵੇਂ ਸ਼ਰੀਂਹ ਦੀਆਂ ਫ਼ਲੀਆਂ
ਛਣਕਣ ਪੌਣ ਵਗੇ ਘੁੰਗਰਾਲਾਂ ਵਾਂਗ, ਹਾਸੇ ਦੀ
ਛਣਕਾਰ 'ਚ ਕੀ ਤੂੰ, ਦੱਸ ਦੇ, ਜਾਦੂ ਭਰਿਆ ਯਾਰ।
ਗੁਰਭਜਨ ਗਿੱਲ


ਮਿਲਦਿਆਂ ਤੈਨੂੰ ਮੇਰਾ ਕੈਸਾ ਮੁਕੱਦਰ ਹੋ ਗਿਆ ।
ਪਿਆਰ ਕਤਰਾ ਮਿਲ ਗਿਆ, ਮੈਂ ਵੀ ਸਮੁੰਦਰ ਹੋ
ਗਿਆ । ਮੇਰਿਆਂ ਖ਼੍ਵਾਬਾਂ ਚ ਤੂੰ ਜਾਂ ਰਾਤ ਰਾਣੀ
ਮਹਿਕਦੀ, ਮੇਰੇ ਚਾਅ ਦਾ ਕੱਦ ਵੀ ਤੇਰੇ ਬਰਾਬਰ ਹੋ
ਗਿਆ । ਗੁਰਭਜਨ ਗਿੱਲ



ਇਸ ਧਰਤੀ ਤੇ ਵਿਰਲੇ ਵਿਰਲੇ ਸੰਕਟ ਸਮੇਂ ਸਹਾਰੇ ਬਣਦੇ । ਓਹੀ ਸੁਣਿਐਂ, ਅੰਬਰੀਂ ਜਾ ਕੇ ਸੂਰਜ, ਚੰਨ ਜਾਂ ਤਾਰੇ ਬਣਦੇ । ਆਪਣੀ ਅੱਗ ਵਿੱਚ ਆਪੇ ਸੜ ਕੇ, ਵਕਤ ਗੁਆਚਾ, ਹੱਥ ਨਾ ਆਏ, ਓਹੀ ਪਲ ਤਾਂ ਵੀਰ ਮੇਰਿਆ, ਹੱਡੀਆਂ ਦੇ ਵਿੱਚ ਪਾਰੇ ਬਣਦੇ। ਗੁਰਭਜਨ ਗਿੱਲ


ਐ ਦਿਲਾ! ਜਦ ਤੱਕ ਤੁਰੇਂਗਾ, ਰੌਸ਼ਨੀ ਦੇ ਨਾਲ ਨਾਲ ।
ਨਾ ਕਦੇ ਗੁੰਮਰਾਹ ਕਰੇਗਾ, ਕਿਸਮਤਾਂ ਦਾ ਭਰਮ ਜਾਲ
। ਜ਼ਿੰਦਗੀ ਤੇਰਾ ਵੀ ਕਰਜ਼ਾ, ਸਿਰ ਖੜ੍ਹਾ ਚਿਰ ਕਾਲ
ਤੋਂ, ਇਸ ਜਨਮ ਕਿੱਦਾਂ ਉਤਾਰਾਂ, ਇਹ ਬੜਾ ਔਖਾ
ਸਵਾਲ। ਗੁਰਭਜਨ ਗਿੱਲ


ਉਮਰ ਗੁਜ਼ਾਰੀ ਜਿੰਨ੍ਹਾਂ ਸਾਰੀ, ਵਤਨ ਮੇਰਾ ਬਰਬਾਦ
ਕਰਦਿਆਂ । ਸ਼ਰਮ ਕਿਉਂ ਨਹੀਂ ਮੰਨਦੇ ਨੇਤਾ, ਭਗਤ
ਸਰਾਭੇ ਯਾਦ ਕਰਦਿਆਂ । ਹੱਕ ਸੱਚ ਤੇ ਇਨਸਾਫ਼ ਦਾ
ਨਕਸ਼ਾ, ਵਾਹਿਆ ਜਿਹੜਾ ਸੂਰਮਿਆਂ ਸੀ, ਠੇਕੇਦਾਰਾਂ
ਬਦਲ ਲਿਆ ਹੈ, ਬੇਗਮਪੁਰਾ ਆਬਾਦ ਕਰਦਿਆਂ।
ਗੁਰਭਜਨ ਗਿੱਲ


ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ ਬਣਨਾ
। ਤੁਸੀਂ ਰਾਹਾਂ 'ਚ ਛਾਂ ਬਣਨਾ, ਕਦੇ ਦੀਵਾਰ ਨਹੀਂ
ਬਣਨਾ । ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ 'ਚ
ਘੁਲ ਮਿਲ ਕੇ, ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ ਭਾਰ
ਨਹੀਂ ਬਣਨਾ। ਗੁਰਭਜਨ ਗਿੱਲ


ਬਾਬਲ ਮਾਤ ਪਿਆਰੀ ਦਾ ਮੈਂ ਹਰ ਸੁਪਨਾ ਸਾਕਾਰ
ਕਰਾਂਗੀ। ਧਰਤੀ ,ਅੰਬਰ,ਚੰਦ ,ਸਿਤਾਰੇ ਦੋ ਬਾਹਾਂ
ਵਿਚਕਾਰ ਕਰਾਂਗੀ। ਮੇਰੇ ਮਾਪੇ ਮੇਰੀ ਸ਼ਕਤੀ, ਹਰ ਪਲ
ਮੇਰੇ ਸਾਹੀਂ ਵੱਸਣ, ਇਸ ਧਰਤੀ ਤੇ ਮਾਨਵਤਾ
ਲਈ,ਧਰਮ ਕਰਮ ਵਿਸਥਾਰ ਕਰਾਂਗੀ। ਗੁਰਭਜਨ
ਗਿੱਲ



ਮਿਲੀਏ ਗਿਲੀਏ ਭਾਵੇਂ ਨਾ ਪਰ, ਦਿਲ ਦਰਵਾਜ਼ੇ ਬੰਦ
ਨਾ ਕਰੀਏ। ਉਮਰ ਗੁਆਚ ਗਈ ਤਾਂ ਮਗਰੋਂ, ਐਵੇਂ ਨਾ
ਫਿਰ ਹਾਉਕੇ ਭਰੀਏ। ਖ਼ੁਸ਼ਬੂ ਨੂੰ ਤਾਂ ਦੇਸ਼ ਕਾਲ ਦੀ,
ਕਦੇ ਗੁਲਾਮੀ ਹੁੰਦੀ ਨਹੀਂਉਂ, ਇਹ ਜ਼ਿੰਦਗਾਨੀ ਫਿਰ
ਨਾ ਮਿਲਣੀ, ਆ ਜਾ ਇਤਰ ਸਰੋਵਰ ਤਰੀਏ।
ਗੁਰਭਜਨ ਗਿੱਲ



ਸੁਣਿਆ ਸੀ, ਅੱਜ ਵੇਖ ਲਿਆ ਹੈ, ਬੱਚਿਆਂ ਮੂੰਹੋਂ ਫੁੱਲ ਨੇ ਕਿਰਦੇ। ਰੁੱਖ ਮੂੰਹੋਂ ਤਾਂ ਬੋਲ ਨਾ ਸਕਦੇ,ਏਹੀ ਕਿਰਿਆ ਕਰਦੇ ਚਿਰ ਦੇ। ਦਿਨ ਚੜ੍ਹਿਐ ਤੂੰ ਬਾਹਰ ਨਿਕਲ ਕੇ, ਧਰਤੀ ਮਾਂ ਦਾ ਰੂਪ ਵੇਖ ਲੈ, ਵੇਖਦਿਆ ਤੂੰ ਆਪ ਕਹੇਂਗਾ, ਪੈ ਗਈ ਹੈ ਠੰਢ ਮੇਰੇ ਹਿਰਦੇ।

ਗੁਰਭਜਨ ਗਿੱਲ


ਵੇਖ ਕਿਵੇਂ ਬਿਰਖਾਂ ਦੇ ਪੱਤਰ, ਲਾਲ ਤੇ ਪੀਲ਼ੇ ਵਿੱਛੜਨ
ਵੇਲੇ। ਪਰੇਸ਼ਾਨ ਹਨ,ਸੋਚ ਰਹੇ ਨੇ,ਹੋਣਗੇ ਕਦੋਂ ਦੋਬਾਰਾ
ਮੇਲੇ। ਪਰ ਮੇਰਾ ਵਿਸ਼ਵਾਸ ਅਟੱਲ ਹੈ, ਜੇਕਰ ਜੜ੍ਹਾਂ
ਸਲਾਮਤ ਰਹੀਆਂ, ਫਿਰ ਪੁੰਗਰਨੀਆਂ ਲਗਰਾਂ
ਉੱਤੇ,ਨਰਮ ਕਰੂੰਬਲਾਂ,ਜੰਗਲ ਬੇਲੇ। ਗੁਰਭਜਨ ਗਿੱਲ



ਇੱਕ ਟਾਹਣੀ ਫੁੱਲ ਕੰਡੇ ਜੰਮਣ, ਜੋ ਖਿੜਦੇ, ਕਿਉਂ ਓਹੀ ਝੜਦੇ। ਕੰਡਿਆਂ ਨੂੰ ਫੁੱਲ ਦੇਣ ਝਕਾਨੀਂ, ਖ਼ੁਸ਼ਬੋਈ ਬਣ ਹਰ ਸਾਹ ਵੜਦੇ। ਤੂੰ ਪੁੱਛਿਆ ਹੈ, ਕੰਡਿਆਂ ਉੱਤੇ ਸੰਗਤ ਰੂਪ ਕਿਉਂ ਨਹੀਂ ਚੜ੍ਹਦਾ, ਚੋਭਾਂ ਮਾਰਨ ਵਾਲੇ ਬੱਲਿਆ, ਦਿਲ ਦੀ ਕੋਈ ਕਿਤਾਬ ਨਾ ਪੜ੍ਹਦੇ। ਗੁਰਭਜਨ ਗਿੱਲ



ਮੋਹ ਕਣੀਆਂ ਦੀ ਪਲ ਭਰ ਛਾਂ ਹੀ ਦੁਨੀਆਂ ਝੂਮਣ ਲਾ ਜਾਂਦੀ ਹੈ। ਰੂਹ ਅੰਦਰ ਵਿਸਮਾਦੀ ਧੜਕਣ ਰੋਮ ਰੋਮ ਨਸ਼ਿਆ ਜਾਂਦੀ ਹੈ। ਤਨ ਮਨ ਬਹੁਤ ਪਿਛਾਂਹ ਰਹਿ ਜਾਂਦਾ ਇਹ ਤੂੰ ਬਿਲਕੁਲ ਠੀਕ ਆਖਿਆ, ਇੱਕ ਮੁਸਕਾਨ ਤੇਰੀ ਸਹੁੰ ਲੱਗੇ ਦਿਲ ਦੇ ਤਾਰ ਹਿਲਾ ਜਾਂਦੀ ਹੈ। ਗੁਰਭਜਨ ਗਿੱਲ


ਮੈਨੂੰ ਬਾਹਰੋਂ ਲੱਭਿਆ ਨਾ ਕਰ ਮੈਂ ਤੇਰੇ ਅੰਦਰ ਹੀ
ਵੱਸਦਾਂ। ਕਿੰਨੀ ਵਾਰੀ ਪਹਿਲਾਂ ਦੱਸਿਐ, ਅੰਤਮ ਵਾਰੀ
ਮੁੜ ਕੇ ਦੱਸਦਾਂ। ਹਿਰਨਾਂ ਦੇ ਸਿੰਗਾਂ ਤੇ ਚੜ੍ਹ ਕੇ, ਲੱਭਦਾ
ਫਿਰਦੈਂ ਕਿਹੜੇ ਰੱਬ ਨੂੰ, ਥੱਕ ਟੁੱਟ ਕੇ ਜਦ ਪੈ ਜਾਂਦਾ ਏਂ,
ਤੇਰੀ ਕਮਅਕਲੀ ਤੇ ਹੱਸਦਾਂ। ਗੁਰਭਜਨ ਗਿੱਲ



ਰੰਗ ਬਰੰਗੇ ਫੁੱਲ ਖਿੜੇ ਪਰ ਜ਼ਿੰਦਗੀ ਕਿਉਂ ਬਦਰੰਗ  ਵੇ ਲੋਕਾ। ਚਾਵਾਂ ਨੂੰ ਦੱਸ ਕੌਣਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ। ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ, ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ। ਗੁਰਭਜਨ ਗਿੱਲ



ਫੁੱਲ ਨਹੀਂ, ਖ਼ੁਸ਼ਬੋਈ ਭਿੱਜਿਆ, ਹੁਣ ਹੀ ਤੇਰਾ ਖ਼ਤ
ਮਿਲਿਆ ਹੈ। ਸਿਰਫ਼ ਜਿਸਮ ਨਾ, ਧੁਰ ਅੰਦਰ ਤੱਕ ਲੂੰ
ਲੂੰ ਜਿੱਸਰਾਂ ਮਹਿਕ ਗਿਆ ਹੈ। ਏਸ ਤਰਜ਼ ਦੀ ਕਰੇਂ
ਗੁਫ਼ਤਗੂ, ਨਿਰਸ਼ਬਦੀ ਪਰ ਸਭ ਕੁਝ ਆਖੇਂ, ਖਿੜਿਆ
ਰਹਿ ਕੇ ਖੇੜਾ ਵੰਡੀਏ, ਫ਼ੁੱਲਾਂ ਤੋਂ ਮੈਂ ਸਮਝ ਲਿਆ ਹੈ।

ਗੁਰਭਜਨ ਗਿੱਲ



ਪਿਆਰ ਮੁਹੱਬਤ ਜਿੱਥੋਂ ਮਿਲਦਾ, ਚੁੱਪ ਕਰਕੇ ਲੈ ਲਈਏ। ਸਣੇ ਵਿਆਜ ਮੋੜਨਾ ਸਿੱਖੀਏ, ਖਾ ਪੀ ਕੇ ਨਾ ਬਹੀਏ। ਪਸ਼ੂ,ਪਰਿੰਦੇ, ਕੁੱਲ ਪ੍ਰਕਿਰਤੀ, ਹਰ ਪਲ ਦੇਂਦੀ ਲੈਂਦੀ, ਇਸ ਥਾਂ ਤੇ ਨਾ ਚੱਲਦੇ ਤੇਰੇ ਖੋਟੇ ਨੋਟ ਰੁਪਈਏ।

ਗੁਰਭਜਨ ਗਿੱਲ



ਇਹ ਤਾਂ ਫੁੱਲ ਕੰਵਲ ਦੇ ਸੋਹਣਿਆਂ ਜਿੰਨ੍ਹਾਂ ਨੂੰ ਤੂੰ ਆਖੇਂ ਕੰਮੀਆਂ। ਜਿਵੇਂ ਨਿਤਾਣਿਆਂ ਦੇ ਘਰ ਹੁੰਦੀਆਂ ਗੁਰਬਤ ਅੰਦਰ ਧੀਆਂ ਜੰਮੀਆਂ। ਤੂੰ ਹੰਕਾਰੀਆ ਮਸਲੀ ਜਾਨੈਂ ਮੰਨਿਆ ਕੁਰਸੀ ਤੇਰੇ ਵੱਲ ਹੈ, ਐਸਾ ਜ਼ੁਲਮ ਸਿਖ਼ਰ ਜਦ ਪਹੁੰਚੇ ਫੇਰ ਨਾ ਜਾਣ ਹਨ੍ਹੇਰੀਆਂ ਥੰਮ੍ਹੀਆਂ। ਗੁਰਭਜਨ ਗਿੱਲ


ਜਦੋਂ ਕਦੇ ਮਨ ਵਿਹਲਾ ਹੋਵੇ, ਆਪਣੇ ਨਾਲ ਗੁਫ਼ਤਗੂ
ਕਰਿਉ। ਚੁੱਪ ਵੀ ਕਿਸੇ ਕਿਤਾਬ ਤੋਂ ਘੱਟ ਨਾ,ਇਸ ਦਾ
ਪੂਰਨ ਪਾਠ ਤਾਂ ਕਰਿਉ। ਇਸ ਦੀ ਤਹਿ ਦੇ ਥੱਲੇ ਕਿੰਨੇ,
ਅਣਵਿੱਧ ਮੋਤੀ ਪਏ ਅਣਫ਼ੋਲੇ, ਇਹ ਬੇਅੰਤ ਖ਼ਜ਼ਾਨਾ
ਦੱਸਿਐ, ਜਦ ਚਾਹੋਗੇ ਝੋਲੀਆਂ ਭਰਿਉ।
ਗੁਰਭਜਨ ਗਿੱਲ



ਸਿੱਖ ਲਈਏ ਜੇ ਚੁੱਪ ਦੀ ਭਾਸ਼ਾ, ਬੋਲਣ ਦੀ ਘੱਟ ਲੋੜ ਪਵੇਗੀ। ਜਦ ਬੋਲੋਗੇ, ਅਸਰ ਪਵੇਗਾ, ਸ਼ਬਦਾਂ ਦੀ ਨਾ ਥੋੜ ਪਵੇਗੀ। ਬਹੁਤ ਜ਼ਰੂਰੀ ਖ਼ੁਦ ਨੂੰ ਮਿਲਣਾ, ਮਿਲ ਕੇ ਰੋਜ਼ ਗੁਫ਼ਤਗੂ ਕਰਨਾ, ਸੋਚ ਵਿਚਾਰ ਦੇ ਬਰਤਨ ਅੰਦਰ, ਸ਼ਬਦਾਂ ਦੀ ਨਾ ਤੋੜ ਪਵੇਗੀ। ਗੁਰਭਜਨ ਗਿੱਲ


ਹਰ ਪਲ ਮਾਨਣਯੋਗ ਦੋਸਤੋ, ਦੁੱਖ ਤੇ ਸੁਖ ਜ਼ਿੰਦਗੀ ਦੇ
ਪਹੀਏ। ਹਰ ਧਰਤੀ ਦੀ ਬੁੱਕਲ ਮਾਣੋ, ਹੱਸ
ਗੁਜ਼ਾਰੀਏ , ਜਿੱਥੇ ਰਹੀਏ। ਰੋਂਦਿਆਂ ਅੱਜ ਤੱਕ ਰਾਤ
ਨਾ ਮੁੱਕੀ,ਇਹ ਸੂਤਰ ਜੇ ਪੱਲੇ ਬੰਨ੍ਹੀਏ, ਘੁੱਟਿਆ
ਵੱਟਿਆ ਮਨ ਸਮਝਾਈਏ, ਸਭ ਦੀ ਸੁਣੀਏ, ਸਭ ਨੂੰ
ਕਹੀਏ। ਗੁਰਭਜਨ ਗਿੱਲ
Good
Morning


ਦੂਸਰਿਆਂ ਲਈ ਸ਼ੁਭਚਿੰਤਨ ਦਾ ਵਕਤ ਕੋਈ ਪੱਕਾ ਨਹੀਂ
ਹੁੰਦਾ। ਜਿਹੜਾ ਬਹੁਤੀ ਕਰੇ ਖ਼ੁਸ਼ਾਮਦ,ਸਾਡਾ ਉਹ ਉਹ
ਸੱਕਾ ਨਹੀਂ ਹੁੰਦਾ। ਸਹਿਮਤ ਨਾਲ ਅਸਹਿਮਤ
ਤੁਰਦੈ,ਮਨ ਮੌਜੀ ਹੈ, ਚਾਕਰ ਨਹੀਉਂ, ਆਪਣੀ ਮਰਜ਼ੀ
ਕਰਦਾ ਹੈ ਇਹ, ਮੋੜਨ ਲਈ ਧੱਕਾ ਨਹੀਂ ਹੁੰਦਾ।
ਗੁਰਭਜਨ ਗਿੱਲ


ਨਜ਼ਰ ਭਰ ਤੂੰ ਵੇਖਿਆ ਇਹ ਦਿਲ ਦੀਵਾਨਾ ਹੋ ਗਿਆ।
ਵਿਛੜਿਆਂ ਤੇਰੇ ਤੋਂ ਭਾਵੇਂ ਇਕ ਜ਼ਮਾਨਾ ਹੋ ਗਿਆ।
ਵੇਖ ਲੈ ਬਿਨ ਬੋਲਿਆਂ ਤੋਂ ਇਹ ਮੁਹੱਬਤ ਦਾ ਕਮਾਲ,
ਧਰਤ ਬਣ ਗਈ ਫ਼ਰਸ਼ ਅੰਬਰ ਸ਼ਾਮਿਆਨਾ ਹੋ
ਗਿਆ। ਗੁਰਭਜਨ ਗਿੱਲ


ਧਰਤੀ ਝੂਮੇ, ਅੰਬਰ ਗਾਵੇ, ਝੁਕ ਝੁਕ ਸੁਣਦੇ ਤਾਰੇ।
ਤਾਰਾਂ ਅੰਦਰ ਜਿੰਦ ਧੜਕਾਉਂਦੇ, ਸਾਜ਼ ਵਜਾਵਣਹਾਰੇ।
ਤੜਫ਼ ਤੜਫ਼ ਕੇ ਤਰਬਾਂ, ਜ਼ਰਬਾਂ ਖਾਵਣ ਦਰਦ
ਸੁਣਾਵਣ, ਕੌਣ ਸੁਣੇ ਫਰਿਆਦ ਤੇਰੇ ਬਿਨ ਦਰਦ
ਨਿਵਾਰਨ ਹਾਰੇ। ਗੁਰਭਜਨ ਗਿੱਲ



ਧਰਤ ਬੇਗਾਨੀ, ਕੋਈ ਨਾ ਮੈਨੂੰ, ਲੈ ਕੇ ਨਾਮ ਬੁਲਾਵੇ।
ਏਸੇ ਕਰਕੇ ਮਨ ਦਾ ਚੰਬਾ, ਖਿੜਦਾ ਨਹੀਂ, ਕੁਮਲਾਵੇ।
ਖੁੱਲ੍ਹੀਆਂ-ਡੁੱਲ੍ਹੀਆਂ ਸੜਕਾਂ ਏਥੇ, ਲੰਮ ਸਲੰਮੇ ਪੈਂਡੇ, ਏਥੋਂ
ਇਕ ਵੀ ਸੜਕ ਸਲੇਟੀ, ਸਾਡੇ ਪਿੰਡ ਨਾ ਜਾਵੇ।

ਗੁਰਭਜਨ ਗਿੱਲ



ਰੰਗ ਦਿਆ ਚਿੱਟਿਆ ਤੇ ਦਿਲ ਦਿਆ ਕਾਲ਼ਿਆ ।
ਮੇਰਾ ਤੂੰ ਪੰਜਾਬ ਬਿਨਾ ਦੰਦਾਂ ਤੋਂ ਹੀ ਖਾ ਲਿਆ । ਦਮ
ਘੁੱਟ ਮਾਰੀਆਂ ਤੂੰ ਡੌਲਿਆਂ 'ਚ ਮੱਛੀਆਂ । ਕੀਰਨਿਆਂ,
ਵੈਣਾਂ ਰੂਹਾਂ ਸਾਡੀਆਂ ਨੇ ਪੱਛੀਆਂ । ਵੈਰੀਆ ਤੂੰ ਸਾਡੇ
ਪਿੰਡ ਡੇਰਾ ਕਾਹਨੂੰ ਲਾ ਲਿਆ । ਮੇਰਾ ਤੂੰ ਪੰਜਾਬ ਬਿਨਾ
ਦੰਦਾਂ ਤੋਂ ਹੀ ਖਾ ਲਿਆ। ਗੁਰਭਜਨ ਗਿੱਲ


ਏਸ ਫ਼ਿਕਰ ਨੇ ਮਾਰ ਲਿਆ ਹੈ ,ਕਿਹੜਾ ਅੱਜ ਕੱਲ੍ਹ ਕੀ
ਕਰਦਾ ਹੈ। ਏਸੇ ਕਰਕੇ ਹਰ ਇੱਕ ਬੰਦਾ ਜੀਂਦਾ ਘੱਟ ਤੇ
ਵੱਧ ਮਰਦਾ ਹੈ। ਇੱਕ ਦੂਜੇ ਤੋਂ ਏਨੀ ਚੋਰੀ ਹੱਦੋਂ ਵਧ
ਗਈ ਬੇਵਿਸ਼ਵਾਸੀ, ਸੱਜੇ ਹੱਥ ਨੂੰ ਖ਼ਬਰ ਨਾ ਕੋਈ,
ਖੱਬਾ ਅੱਜ ਕੱਲ੍ਹ ਕੀ ਕਰਦਾ ਹੈ। ਗੁਰਭਜਨ ਗਿੱਲ


ਨਵੇਂ ਰੰਗ ਵਿੱਚ ਰੰਗ ਦੇ ਮੈਨੂੰ ਮਹਿਕਾਂ ਭਰ ਕੇ। ਮਿੱਟੀ ਦੇ
ਬੁੱਤ ਤਾਈਂ ਛੂਹਕੇ ਜਿਉਂਦਾ ਕਰਕੇ। ਮੇਰੇ ਦਿਲ ਤੇ ਹੱਥ
ਧਰ ਦੇ ਇਹ ਧੜਕ ਪਵੇਗਾ, ਇਸ ਨੂੰ ਧੜਕਣ ਲਾ ਦੇ,
ਥੋਹੜੀ ਰਹਿਮਤ ਕਰਕੇ। ਗੁਰਭਜਨ ਗਿੱਲ


ਖ਼ੁਦਾਇਆ ਇਹ ਕਦੇ ਨਾ ਕਹਿਰ ਹੋਵੇ। ਮਿਰੇ ਅੰਦਰ
ਕਿਸੇ ਲਈ ਜ਼ਹਿਰ ਹੋਵੇ। ਮਿਲੇਂ ਤਾਂ ਇਸ ਤਰ੍ਹਾਂ ਮਹਿਸੂਸ
ਹੋਵੇ, ਜਿਵੇਂ ਦਿਲ ਦੇ ਸਮੁੰਦਰ ਲਹਿਰ ਹੋਵੇ।
ਗੁਰਭਜਨ ਗਿੱਲ



ਸ਼ਬਦ ਕੋਸ਼ 'ਚੋਂ ਖਾਰਜ ਕਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ। ਸੰਭਵ, ਸੰਭਵ, ਸੰਭਵ ਕਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ। ਜਿਸ ਤੋਂ ਡਰ ਕੇ ਸੋਤਰ ਸੁੱਕਦੇ, ਜੀਭ ਤਾਲੂਏ ਜੁੜਦੀ ਸਾਡੀ, ਨੇਰ੍ਹ ਕੋਠੜੀ ਦੀਵੇ ਧਰ ਦਿਉ, ਜਿੱਥੇ ਲਿਖਿਐ ਸ਼ਬਦ ਅਸੰਭਵ।

ਗੁਰਭਜਨ ਗਿੱਲ


ਤੂੰ ਮੇਰੇ ਜਿਸਮ ਦੀ ਮਿੱਟੀ 'ਚ ਕਿਉਂ ਦੀਵਾ ਜਗਾਉਣਾ
ਸੀ। ਜੇ ਰੂਹ ਨੂੰ ਬਿਨ ਮਿਲੇ ਹੀ, ਕੋਲ ਜਾ ਕੇ ਪਰਤ
ਆਉਣਾ ਸੀ। ਕਦੇ ਆਵਾਜ਼ ਨੂੰ ਜੇ ਸਾਜ਼-ਸੰਗ ਹੀ ਸੁਰ
ਨਹੀਂ ਕਰਨਾ, ਤੂੰ ਮੇਰੀ ਤਾਰ ਨੂੰ ਕਿਉਂ ਵਜਦ ਵਿਚ ਆ ਕੇ
ਹਿਲਾਉਣਾ ਸੀ। ਗੁਰਭਜਨ ਗਿੱਲ


ਦਿਨ ਚੜ੍ਹਦੈ ਤਾਂ ਤੁਰ ਪੈਂਦਾ ਏਂ, ਰੋਜ਼ ਤੂੰ ਨਵੇਂ ਸ਼ਿਕਾਰ
ਲਈ। ਖ਼ਵਰੇ ਕਿੱਦਾਂ ਤੁਰਿਆ ਫਿਰਦੈਂ, ਮਨ ਤੇ ਏਨਾ ਭਾਰ
ਲਈ। ਤੇਰੇ ਹੱਥ ਕੁਹਾੜਾ, ਆਰੀ, ਹੁਣ ਤਾਂ ਪੁੱਛਣਾ
ਬਣਦਾ ਹੈ, ਤੂੰ ਤਾਂ ਸਾਨੂੰ ਇਹ ਕਹਿੰਦਾ ਸੀ, ਲੜਨਾ ਹੈ
ਗੁਲਜ਼ਾਰ ਲਈ। ਗੁਰਭਜਨ ਗਿੱਲ




ਹੁਣ ਤੈਨੂੰ ਸਮਝਾਵੇ ਕਿਹੜਾ, ਖੁਸ਼ਬੂ ਦਾ ਕੋਈ ਦੇਸ ਨਹੀਂ ਹੁੰਦਾ। ਨਿਰਮਲ ਨੀਰ, ਹਵਾ ਦਾ ਜਿੱਸਰਾਂ, ਰੰਗ ਬਰੰਗ ਭੇਸ ਨਹੀਂ ਹੁੰਦਾ। ਜੇ ਕੁਦਰਤ ਨੂੰ ਮਾਂ ਪਿਉ ਕਹੀਏ, ਇਸ ਦੀ ਗੋਦੀ ਖਿੜ ਕੇ ਬਹੀਏ, ਕੁੱਲ ਆਲਮ ਮਲਕੀਅਤ ਬਣ ਜੇ, ਕੋਈ ਵੀ ਥਾਂ ਪਰਦੇਸ ਨਹੀਂ ਹੁੰਦਾ। ਗੁਰਭਜਨ ਗਿੱਲ



ਮਾਣ ਤੂੰ ਮਾਤ-ਜ਼ਬਾਨ 'ਚੋਂ ਖੁਸ਼ਬੂ। ਅਸਲੀ ਗੂੜ੍ਹ
ਗਿਆਨ 'ਚੋਂ ਖੁਸ਼ਬੂ। ਘਰ ਤੋਂ ਲੁਕਦਾ ਫਿਰਦੈਂ, ਵੀਰਾ,
ਲੱਭੇਂ ਪਿਆ ਮਕਾਨ 'ਚੋਂ ਖੁਸ਼ਬੂ। ਧੰਨੇ ਜੱਟ ਨੇ ਢੂੰਡ ਲਈ
ਸੀ, ਪੱਥਰ ਦੇ ਭਗਵਾਨ 'ਚੋਂ ਖੁਸ਼ਬੂ। ਇਤਰ-ਫੁਲੇਲਾਂ
ਭਾਵੇਂ ਮਲਦੈ, ਮਰ ਚੱਲੀ ਇਨਸਾਨ 'ਚੋਂ ਖੁਸ਼ਬੂ। ਪਹਿਲੀ
ਬਾਰਸ਼, ਧਰਤੀ ਵੰਡੇ, ਅੰਬਰ ਦੇ ਵਰਦਾਨ 'ਚੋਂ ਖੁਸ਼ਬੂ।
ਮਾਲੀ ਵੀ ਕਿਉਂ ਢੂੰਡ ਰਹੇ ਨੇ, ਨਕਲੀ ਜਹੇ ਗੁਲਦਾਨ
'ਚੋਂ ਖੁਸ਼ਬੂ। ਸੰਗ ਮਰਮਰ ਨੇ ਚੂਸ ਲਈ ਹੈ, ਅਸਲੀ
ਗੁਰ ਅਸਥਾਨ 'ਚੋਂ ਖੁਸ਼ਬੂ। ਗੁਰਭਜਨ ਗਿੱਲ


[redacted]
ਕਿਉਂ ਕੱਖਾਂ ਦੀ ਕੁੱਲੀ ਅੱਜ ਵੀ, ਬਾਗ਼ ਪਾਲਦੇ ਮਾਲੀ
ਖ਼ਾਤਰ। ਦਿਨ ਤੇ ਰਾਤ ਜਿਉਂਦਾ ਜਿਹੜਾ, ਫੁੱਲਾਂ ਦੀ
ਰਖਵਾਲੀ ਖ਼ਾਤਰ। ਧਰਤੀ ਅੰਦਰ ਸੁਪਨੇ ਫ਼ਸਲਾਂ,
ਆਹ ਬੀਜੋ ਤੇ ਆਹ ਨਾ ਬੀਜੋ, ਚੰਡੀਗੜ੍ਹ ਕਿਉਂ ਹੁਕਮ
ਭੇਜਦੈਂ, ਸਾਡੇ ਪਿੰਡ ਦੇ ਹਾਲੀ ਖ਼ਾਤਰ। ਗੁਰਭਜਨ ਗਿੱਲ



ਅਣਖ਼ ਦੀ ਖਾਤਰ ਸੀਸ ਦੀ ਕੀਮਤ ਬੜੀ ਨਹੀਂ। ਲੱਗਦੈ ਤੂੰ ਤਾਰੀਖ਼ ਹੀ ਸਾਡੀ ਪੜ੍ਹੀ ਨਹੀਂ। ਕੁਝ ਗਰਜ਼ਾਂ ਦੀ ਖਾਤਰ, ਵਿਕ ਜਾਂ ਸਸਤੇ ਭਾਅ, ਏਨੀ ਘਟੀਆ ਜੰਗ ਕਦੇ ਮੈਂ ਲੜੀ ਨਹੀਂ। ਗੁਰਭਜਨ ਗਿੱਲ


ਧੁੱਪਾਂ ਤੋਂ ਵੱਧ ਛਾਵਾਂ ਤੋਂ ਡਰ ਲੱਗਦਾ ਹੈ। ਮੈਨੂੰ ਆਪਣੇ
ਚਾਵਾਂ ਤੋਂ ਡਰ ਲੱਗਦਾ ਹੈ। ਆਪਣੇ ਸਿਰ ਤੋਂ ਉੱਚਾ ਜਦ ਤੋਂ
ਹੋਇਆ ਹਾਂ, ਤੇਜ਼ ਤਰਾਰ ਹਵਾਵਾਂ ਤੋਂ ਡਰ ਲੱਗਦਾ ਹੈ।
ਗੁਰਭਜਨ ਗਿੱਲ


ਬਿਰਖ਼ ਮੁਹੱਬਤਾਂ ਵਾਲੇ ਜਿਸ ਥਾਂ, ਸਿਰ ਤੇ ਛਤਰ
ਸੁਹਾਵੇ। ਸਾਡਾ ਵੀ ਇਹ ਧਰਮ ਧਰਮੀਓ, ਹਰ ਕੋਈ
ਰੁੱਖੜਾ ਲਾਵੇ। ਸਾਵਣ ਵਣ ਹਰਿਆਲੇ ਸੋਹਣੇ, ਦੇਣ
ਸੁਨੇਹਾ ਸਾਨੂੰ, ਘੋਨ ਮੋਨ ਹੋ ਜਾਵੇ ਧਰਤੀ, ਉਹ ਦਿਨ
ਕਦੇ ਨਾ ਆਵੇ।ਗੁਰਭਜਨ ਗਿੱਲ


ਸੁਰ ਤੇ ਸ਼ਬਦ ਸੁਮੇਲ ਕਰੇ ਜਦ ਧਰਤੀ ਬੋਲਣ ਲਾ
ਸਕਦਾ ਹੈ। ਬਿਨਾ ਕਿਤਾਬਾਂ ਪੜ੍ਹੇ, ਪੜ੍ਹਾਏ, ਰਾਗ ਵੀ
ਸਬਕ ਸਿਖਾ ਸਕਦਾ ਹੈ। ਜ਼ਿੰਦਗੀ ਤਾਲੋਂ ਖੁੰਝੇ ਜਦ ਵੀ,
ਸ਼ੋਰ ਕਰੇ ਸਰਦਾਰੀ ਓਥੇ, ਗਲ਼ੀਆਂ ਵਿੱਚ ਦਰਵੇਸ਼
ਗਵੱਈਆ,ਰੂਹ ਦਾ ਸਾਜ਼ ਵਜਾ ਸਕਦਾ ਹੈ।
ਗੁਰਭਜਨ ਗਿੱਲ



ਜੇਕਰ ਮੰਡੀ ਵਿੱਚ ਨਹੀਂ ਵਿਕਦਾ, ਮੈਨੂੰ ਇਸ ਦੀ ਸ਼ਰਮ
ਨਹੀਂ ਹੈ। ਹਰ ਹੱਟੀ ਤੇ ਹਰ ਪਲ ਵਿਕਣਾ, ਇਹ ਬੰਦੇ ਦਾ
ਧਰਮ ਨਹੀਂ ਹੈ। ਮੇਰੇ ਇਸ਼ਟ ਸਿਖਾਇਆ ਮੈਨੂੰ, ਛਾਬੇ
ਅੰਦਰ ਨਹੀਂ ਤੂੰ ਬਹਿਣਾ, ਰੂਹ ਤੇ ਭਾਰ ਪੁਆ ਕੇ
ਜੀਣਾ,ਇਹ ਬੰਦੇ ਦਾ ਕਰਮ ਨਹੀਂ ਹੈ। ਗੁਰਭਜਨ ਗਿੱਲ


ਰੂਹ ਅੰਦਰ ਵਿਸਮਾਦ ਭਰ ਗਿਆ, ਤੇਰੇ ਨਾਲ
ਗੁਫ਼ਤਗੂ ਕਰਕੇ। ਕਰਾਮਾਤ ਨਹੀਂ ਦੱਸਣੀ ਤੈਨੂੰ , ਕਿੰਜ
ਮੁੜਿਆਂ ਇੱਕ ਵਾਰੀ ਮਰ ਕੇ। ਜ਼ਿੰਦਗੀ ਹੈ ਰੰਗਾਂ ਦਾ
ਮੇਲਾ, ਪਰ ਇਹ ਮਾਨਣ ਵਾਲੇ ਵਿਰਲੇ, ਇੱਕ ਵਾਰੀ
ਫਿਰ ਭਰੀਂ ਹੁੰਗਾਰਾ, ਆਵਾਂ ਦਿਲ ਦਰਿਆ ਨੂੰ ਤਰ ਕੇ।
ਗੁਰਭਜਨ ਗਿੱਲ



ਬਲਿਹਾਰੀ ਤਾਂ ਆਪੇ ਕੁਦਰਤ, ਤੂੰ ਲੱਭਦੈਂ ਸੰਗ ਮਰ ਮਰ
ਅੰਦਰ। ਪੜ੍ਹਿਆ ਕਰ ਤੂੰ ਸ਼ਬਦ ਗੁਰੂ ਨੂੰ, ਹਰਿ ਤਾਂ ਵੱਸਦਾ
ਹਰ ਹਰ ਅੰਦਰ। ਆਪਣੀ ਪੀੜ ਵਿਖਾ ਕੇ ਐਵੇਂ, ਹਮਦਰਦੀ
ਨਾ ਮੰਗੀਂ ਸੱਜਣਾ, ਮਲ੍ਹਮ ਵਿਰਲਿਆਂ ਪੱਲੇ ਏਥੇ,
ਲੂਣਦਾਨੀਆਂ ਘਰ ਘਰ ਅੰਦਰ। ਗੁਰਭਜਨ ਗਿੱਲ


ਨੀ ਖ਼ੁਸ਼ਬੋਈਏ! ਜੀਣ ਜੋਗੀਏ, ਕਿੱਦਾਂ ਸਾਹਾਂ ਵਿੱਚ
ਪਰੋਈਏ। ਭਟਕਦਿਆਂ ਨਾ ਲੰਘੇ ਉਮਰਾ, ਆ ਜਾ ਦੋਵੇਂ
ਇੱਕ ਸਾਹ ਹੋਈਏ। ਚਿਰ ਹੋਇਆ ਮੈਂ ਜਾਂਦਿਆਂ
ਵੇਖਿਆ, ਹਾਏ! ਉਹ ਨੂਰੀ ਝਲਕਾਰਾ, ਅੱਜ ਤੀਕਰ
ਮਹਿਸੂਸ ਕਰਾਂ ਮੈਂ, ਹਸਰਤ ਹੈ ਕਿ ਸਨਮੁਖ ਹੋਈਏ।
ਗੁਰਭਜਨ ਗਿੱਲ



ਪਿਆਰ ਦਾ ਬੂਟਾ ਰੂਹ ਵਿੱਚ ਲਾਇਆ ਜਾਂਦਾ ਹੈ । ਖ਼ੂਨ ਜਿਗਰ ਦਾ ਹਰ ਪਲ ਪਾਇਆ ਜਾਂਦਾ ਹੈ । ਹੋਵੇ ਨਾ ਦਿਲਦਾਰ ਸੁਣਨ ਲਈ, ਕੋਲ ਜਦੋਂ, ਸ਼ਬਦਾਂ ਨੂੰ ਹੀ ਦਰਦ ਸੁਣਾਇਆ ਜਾਂਦਾ ਹੈ। ਗੁਰਭਜਨ ਗਿੱਲ


ਤਨ ਦੀ ਭਟਕਣ, ਮਨ ਦੀ ਅਟਕਣ, ਸਾਬਤ ਕਦਮ
ਅਡੋਲ ਰਹੇ । ਅਕਲ ਦੀ ਸੰਗਲੀ, ਫੜ ਲੈ ਘੁੱਟਕੇ,
ਖਿਸਕੇ ਨਾ ਇਹ ਕੋਲ ਰਹੇ । ਹਰ ਮੰਜ਼ਿਲ ਹੀ ਖ਼ੁਦ
ਸਿਰਨਾਵਾਂ ਦੱਸ ਦੇਂਦੀ ਹੈ ਪਾਂਧੀ ਨੂੰ, ਪਰਪੱਕ ਨਿਸ਼ਚਾ
ਹੋਵੇ ਜੇਕਰ ਪੈਰਾਂ ਵਿੱਚ ਸਮਤੋਲ ਰਹੇ। ਗੁਰਭਜਨ ਗਿੱਲ



ਕੀਹਦੀ ਏ ਮਜਾਲ ਸਾਨੂੰ ਡੱਬੀ ਵਿੱਚ ਪਾ ਲਵੇ । ਮਹਿਕ ਦਾ ਵਜੂਦ, ਭਾਵੇਂ ਸਾਹਾਂ ਵਿੱਚ ਸਾਹ ਲਵੇ । ਏਨੀ ਗੱਲ ਸਾਫ਼, ਮੈਂ ਨਹੀਂ ਕੱਪੜਾ, ਵਜੂਦ ਹਾਂ, ਜਦੋਂ ਦਿਲ ਕਰੇ ਮੈਨੂੰ ਪਾ ਲਵੇ ਤੇ ਲਾਹ ਲਵੇ ।ਗੁਰਭਜਨ ਗਿੱਲ


ਹਮੇਸ਼ਾਂ ਢਾਲ ਹੀ ਬਣਨਾ, ਕਦੇ ਹਥਿਆਰ ਨਹੀਂ
ਬਣਨਾ । ਤੁਸੀਂ ਰਾਹਾਂ 'ਚ ਛਾਂ ਬਣਨਾ, ਕਦੇ ਦੀਵਾਰ
ਨਹੀਂ ਬਣਨਾ । ਤੁਸੀਂ ਖ਼ੁਸ਼ਬੂ ਦੇ ਵਾਂਗਰ ਰੁਮਕਣਾ ਪੌਣਾਂ
'ਚ ਘੁਲ ਮਿਲ ਕੇ, ਕਦੇ ਬਾਗਾਂ ਦੀ ਰੂਹ ਤੇ ਬੇ ਵਜ੍ਹਾ ਹੀ
ਭਾਰ ਨਹੀਂ ਬਣਨਾ । ਗੁਰਭਜਨ ਗਿੱਲ


ਦਿਨ ਚੜ੍ਹਦੇ ਤੋਂ ਸ਼ਾਮ ਤੀਕ ਜਦ ਯਾਦਾਂ ਝੁਰਮਟ
ਪੌਂਦੀਆਂ ਨੇ । ਸਾਹਾਂ ਵਿੱਚ ਸਰਗਮ ਛਿੜ ਪੈਂਦਾ, ਫਿਰ
ਪੌਣਾਂ ਨਗਮੇ ਗੌਂਦੀਆਂ ਨੇ । ਕਦੇ ਸੂਰਜ ਚੰਨ ਤੇ
ਤਾਰਿਆਂ ਵਿੱਚ, ਜਿੰਦ ਲੱਭਦੀ ਤੈਨੂੰ ਸਾਰਿਆਂ ਵਿੱਚ,
ਸੁਣਿਆ ਕਰ ਅੰਬਰਾਂ ਵਾਲੜਿਆ, ਜਦ ਕੂੰਜੜੀਆਂ
ਕੁਰਲੌਂਦੀਆਂ ਨੇ। ਗੁਰਭਜਨ ਗਿੱਲ


ਵਿਹੜੇ ਦੇ ਵਿੱਚ ਰੁੱਖੜਾ ਲਾ ਲਈਂ ਚਾਵਾਂ ਲਈ ।
ਖੁਦ਼ਗ਼ਰਜ਼ਾ ਨਾ ਬੀਜ ਇਕੱਲੀਆਂ ਛਾਵਾਂ ਲਈ ।
ਚਿੜੀਆਂ ਬੰਨ੍ਹ ਕਤਾਰਾਂ ਅੰਬਰੀਂ ਉੱਡ ਰਹੀਆਂ, ਰੌਣਕ
ਮੇਲਾ ਲਾਜ਼ਮ ਬਹੁਤ ਹਵਾਵਾਂ ਲਈ । ਗੁਰਭਜਨ ਗਿੱਲ



ਨਿਸ਼ਚਾ ਧਾਰ ਤੁਰੋ ਤਾਂ ਕਾਦਰ ਮੰਜ਼ਿਲ ਨੇੜੇ ਕਰ ਦੇਂਦਾ
ਹੈ । ਸ਼ਿਵਾ ਦੇਵਤਾ, ਬੇਹਿੰਮਤੇ ਨੂੰ, ਓਦਾਂ ਕਿੱਥੇ ਵਰ
ਦੇਂਦਾ ਹੈ । ਰਹਿਮਤ ਦਾ ਮੀਂਹ ਸੁੱਤਿਆਂ ਉੱਤੇ, ਨਹੀਂ
ਬਰਸਦਾ ਤੱਕਿਆ ਮੈਂ, ਹਿੰਮਤੀਆਂ ਨੂੰ ਦਾਤਾਂ ਦੇ ਦੇ ਝੋਲੀ
ਨਿੱਕੀ ਕਰ ਦੇਂਦਾ ਹੈ। ਗੁਰਭਜਨ ਗਿੱਲ


ਬਿਰਖ਼ ਤਾਂ ਹਰਿਆਵਲੇ ਸੀ ਕਿਉਂ ਕਿਰੇ ਪੱਤਰ ਹਰੇ?
ਛਾਂ ਵਿਹੂਣੀ ਧਰਤ ਵੇਖਾਂ, ਖ੍ਵਾਬ ਵਿੱਚ ਵੀ ਮਨ ਡਰੇ ।
ਇਸ ਤਰ੍ਹਾਂ ਦਾ ਕਹਿਰ ਅੱਜ ਤੱਕ, ਵੇਖਿਆ ਸੀ ਨਾ ਕਦੇ,
ਸਾਜ਼ਿਸ਼ੀ ਚਾਲਾਂ ਨੂੰ ਲੋਕੀਂ ਕਹਿਣ ਲੱਗ ਪਏ ਮਸ਼ਵਰੇ।
ਗੁਰਭਜਨ ਗਿੱਲ


ਸੁਣ ਲਓ ਜੀ ਕੰਨ ਖੋਲ੍ਹ ਕੇ ਸੁਣ ਲਉ, ਪੱਥਰ-ਦਿਲ ਤੇ
ਭਾਰ ਨਹੀਂ ਹੁੰਦਾ । ਅਸਲੀ ਸੂਰਤ ਹੀ ਦਿਖਲਾਵੇ,
ਸ਼ੀਸ਼ਾ ਕਦੇ ਗੱਦਾਰ ਨਹੀਂ ਹੁੰਦਾ । ਸਾਡੇ ਵਿੱਚ ਹੈ
ਵੜਿਆ ਬੈਠਾ, ਹੁਕਮਰਾਨ ਦੇ ਰੂਪ 'ਚ ਰਾਵਣ, ਤੀਰ
ਕਮਾਨ ਚਲਾਈਏ ਕਿੱਥੇ, ਅੰਦਰੋਂ ਦੁਸ਼ਮਣ ਮਾਰ ਨਹੀਂ
ਹੁੰਦਾ। ਗੁਰਭਜਨ ਗਿੱਲ


ਸੱਜਣਾਂ ਬਗੀਚਿਉਂ ਗੁਲਾਬ ਭੇਜਿਆ । ਬਿਨਾ ਲਿਖੇ
ਖ਼ਤ ਦਾ ਜਵਾਬ ਭੇਜਿਆ । ਰਾਤ ਮੇਰੀ ਹਿੱਕੜੀ 'ਚ
ਸਹਿਕਦਾ ਰਿਹਾ, ਦਿਨ ਚੜ੍ਹੇ ਜਿਹੜਾ ਤੂੰ ਖ਼੍ਵਾਬ ਭੇਜਿਆ।
ਗੁਰਭਜਨ ਗਿੱਲ